1920 ਤੋਂ

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜਿਲਦ 105
ਨੰਬਰ 22

੧੯ ਪੋਹ ਤੋਂ ੨ ਮਾਘ ੨੦੮੨ ਬਿ.
1 to 15 January 2026

# ਸਤਿਜੁਗ



10/-

## ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਮਾਗਮ ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਮਨਾਇਆ ਗਿਆ।

ਮਿਤੀ: 30.11.2025



# ਸਤਿਜੁਗ

੧੮ ਪੋਹ ਤੋਂ ੨ ਮਾਘ ੨੦੮੨ ਬਿ.
1 ਤੋਂ 15 ਜਨਵਰੀ 2026 ਈ.
ਜਿਲਦ 105, ਨੰਬਰ 22



ਸਲਾਹਕਾਰ ਮੈਂਬਰ

ਸੁਵਰਨ ਸਿੰਘ ਵਿਰਕ, ਸੰਤ ਨਿਸ਼ਾਨ ਸਿੰਘ,
ਹਰਪਾਲ ਸਿੰਘ ਸੇਵਕ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ
Editor: Gurlal Singh

Co. Editor - Dr. Khleel Khan,
Gurbhagat Singh
ਸਹਿ ਸੰਪਾਦਕ: ਡਾ. ਖਲੀਲ ਖਾਨ,
ਗੁਰਭਗਤ ਸਿੰਘ



*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***

ਤਰਨ ਬੱਲ
ਯੁਵਰਾਜ ਸਿੰਘ



**ਪੱਤਰ ਵਿਹਾਰ ਦਾ ਪਤਾ :**
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
*Email- Satjug@sribhainisahib.com*


# ਤਤਕਰਾ


* ਸੰਪਾਦਕੀ........................................4
* ਗੁਰਬਾਣੀ ਵਿਆਖਿਆ..............................6
* ਦੇਖਣ ਆਇਓ ਜਗਤ ਤਮਾਸ਼ਾ
  ਡਾ. ਚਰਨਜੀਤ ਸਿੰਘ..............................8
* ਜੀਵਨ ਵਿੱਚ 'ਸੇਵਾ' ਦਾ ਮਹੱਤਵ
  ਸੁਨਿੰਤ ਕੌਰ....................................15
* ਨਾਮਧਾਰੀ ਸੰਪਰਦਾ ਵਿੱਚ ਜਪ-ਪ੍ਰਯੋਗ ਦੀ ਮਹਾਨਤਾ
  ਜੋਗਿੰਦਰ ਸਿੰਘ ਓਬਰਾਏ..........................17
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ..........................19
* ਅੱਖੀਂ ਡਿੱਠਾ ਕਿੱਸਾ ਕੀਤਾ
  ਸੰਪਾ: ਸੁਵਰਨ ਸਿੰਘ ਵਿਰਕ.......................22
* A Reflection on Sangat
  Sarab Singh U.K.................................25
* Ego.............................................27
* MURDER OFBEEF BUTCHERS BY KUKAS
  Dr. Gurdev Singh Sidhu.........................30
* ਕਾਵਿ - ਕਿਆਰੀ..................................35
* ਖ਼ਬਰਨਾਮਾ.......................................36
* Matrimonial.....................................42



ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
# ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

## ਸੰਪਾਦਕੀ

ਮਨੁੱਖ ਆਰੰਭ ਤੋਂ ਹੀ ਧਾਰਮਿਕ ਜੀਵ ਰਿਹਾ ਹੈ। ਮਨੁੱਖੀ ਇਤਿਹਾਸ ਪੜ੍ਹਣ ਤੋਂ ਪਤਾ ਲੱਗਦਾ ਹੈ ਕਿ ਧਰਮਗੱਤਾ ਮਨੁੱਖੀ ਸਭਿਆਚਾਰ ਦੇ ਆਦਿ ਤੋਂ ਨਾਲ ਜੁੜ ਹੋਈ ਹੈ। ਇਸ ਕਰਕੇ ਜੇ ਅਸੀਂ ਸਮੁੱਚੇ ਧਰਮਾਂ ਦਾ ਅਧਿਐਨ ਕਰਦੇ ਹਾਂ ਤਾਂ ਸਾਡੀ ਵਾਕਫ਼ੀ ਮਨੁੱਖੀ ਸੁਭਾਅ, ਸਮਝ ਨਾਲ ਹੁੰਦੀ ਹੈ। ਸੰਸਾਰ ਦੇ ਧਰਮਾਂ ਵਿਚ ਇਸ ਦੁਨੀਆਂ ਦੇ ਰੰਗ, ਰੂਪ, ਪੂਜਾ ਦੇ ਢੰਗਾਂ ਤੇ ਪਰਮਾਤਮਾ ਦੇ ਸਰੂਪ ਬਾਰੇ ਥੋੜ੍ਹੇ ਫਰਕ ਹਨ ਪਰ ਲਗਭਗ ਸਭ ਧਰਮ ਰੱਬ ਨੂੰ ਸਰਬ ਵਿਆਪਕ ਸਰਬ ਸ਼ਕਤੀਮਾਨ ਆਖਦੇ ਹਨ। ਸਭ ਧਰਮ ਮਨੁੱਖੀ ਜੀਵਨ ਨੂੰ ਚੰਗੇਰਾ ਬਣਾਉਣਾ ਚਾਹੁੰਦੇ ਹਨ ਅਤੇ ਸ਼ਾਂਤੀ ਤੇ ਇਕਸੁਰਤਾ ਦਾ ਪ੍ਰਚਾਰ ਕਰਦੇ ਹਨ। ਪਿਆਰ, ਦਇਆ, ਸਦਭਾਵਨਾ, ਮਿੱਤਰਤਾ ਪਵਿੱਤਰਤਾ ਤੇ ਇਨਸਾਫ਼ ਸਾਰੇ ਧਰਮਾਂ ਦੇ ਸਾਂਝੇ ਗੁਣ ਹਨ। ਸਾਰੇ ਧਰਮ ਸੰਸਾਰਿਕ ਦੁੱਖਾਂ ਤੋਂ ਮੁਕਤੀ ਚਾਹੁੰਦੇ ਹਨ ਅਤੇ ਅੰਤਮ ਉਚਤਮ ਅਸਲੀਅਤ ਜੋ ਕੇਵਲ ਇਕ ਹੈ ਉਸ ਵੱਲ ਇਸ਼ਾਰਾ ਕਰਦੇ ਹਨ। ਗੁਰੂ ਨਾਨਕ ਪਾਤਸ਼ਾਹ ਬਾਣੀ ਦੀ ਆਰੰਭਤਾ ਇਕ ਓਅੰਕਾਰ ਤੋਂ ਕਰ ਸਾਨੂੰ ਇਹ ਗੱਲ ਦ੍ਰਿੜ ਕਰਵਾਉਂਦੇ ਹਨ। ਰੱਬ

ਦੇ ਸਰੂਪ ਅਤੇ ਉਸ ਦੀ ਵਿਆਪਕ ਸੱਤਾ ਦੀ ਗੱਲ ਸਾਰੀ ਬਾਣੀ ਵਿਚ ਵਿਚਾਰੀ ਗਈ ਹੈ। ਅਸਲ ਗੱਲ ਇਹ ਹੈ ਕਿ ਜਦੋਂ ਅਸੀਂ ਧਾਰਮਿਕ ਰਹੁਰੀਤਾਂ ਦੀ ਵਿਭਿੰਨਤਾ ਨੂੰ ਅਸਲ ਸਚਾਈ ਮੰਨਦੇ ਹਾਂ ਤਾਂ ਸਿਧਾਂਤ ਪੱਖ ਤੋਂ ਖਾਲੀ ਹੋ ਜਾਂਦੇ ਹਾਂ ਪਾਤਸ਼ਾਹ ਫਰਮਾਨ ਕਰਦੇ ਹਨ-

ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ॥

ਆਸਾ ਦੀ ਵਾਰ

ਬਾਹਰੀ ਭੇਖ ਸਿਧਾਂਤ ਤੋਂ ਬਿਨਾਂ ਵਿਅਰਥ ਹਨ। ਅੱਜ ਜਦੋਂ ਵਿਸ਼ਵ ਇਕ ਪਿੰਡ ਬਣ ਰਿਹਾ ਹੈ ਸਾਡੇ ਸੰਪਰਕ ਸੂਤਰ ਵੱਖ-ਵੱਖ ਧਰਮਾਂ ਅਤੇ ਸਭਿਅਤਾਵਾਂ ਨਾਲ ਜੁੜ ਰਹੇ ਹਨ ਤਾਂ ਸਾਨੂੰ ਸਿਧਾਂਤਕ ਸਾਂਝ ਨੂੰ ਹੋਰ ਨਿਖੇਰਨਾ ਚਾਹੀਦਾ ਹੈ ਤਾਂ ਕਿ ਸਭ ਵਖਰੇਵੇਂ ਖਤਮ ਹੋ ਜਾਣ।

ਪ੍ਰਾਰ ਬ੍ਰਹਮ ਕੇ ਸਗਲੇ ਠਾਉ<br>ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ<br>ਆਪੇ ਕਰਨ ਕਰਾਵਨ ਜੋਗੁ।<br>ਪ੍ਰਭ ਭਾਵੈ ਸੋਈ ਫੁਨਿ ਹੋਗੁ<br>ਪਸਰਿਓ ਆਪਿ ਹੋਇ ਅਨਤ ਤਰੰਗ<br>ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ॥<br>ਜੈਸੀ ਮਤਿ ਦੇਇ ਤੈਸਾ ਪਰਗਾਸ<br>ਪਾਰਬ੍ਰਹਮ ਕਰਤਾ ਅਬਿਨਾਸ॥

ਕਈ ਵਾਰ ਧਰਮਾਂ ਵਿਚ ਸਥਾਪਿਤ ਰਹੁਰੀਤਾਂ ਦੇਸ ਕਾਲ ਅਤੇ ਭੂਗੋਲਿਕ ਸਥਿਤੀ ਦੀ ਦੇਣ ਹੁੰਦੀਆਂ ਹਨ। ਇਬਰਾਹਿਮਨ ਅਤੇ ਭਾਰਤੀ ਧਰਮਾਂ ਵਿਚ ਇਹ ਵਖਰੇਵੇਂ ਸਾਫ਼ ਨਜ਼ਰ ਆਉਂਦੇ ਹਨ। ਸਮੇਂ-ਸਮੇਂ ਇਨ੍ਹਾਂ ਦੀ ਨਵੀਨਕਾਰੀ ਹੁੰਦੀ ਰਹਿੰਦੀ ਹੈ ਕਿਸੇ ਵੀ ਧਰਮ ਦੀ ਜਾਗ੍ਰਿਤ ਪ੍ਰਵਿਰਤੀ ਇਸ ਤੋਂ ਮਾਲੂਮ ਹੁੰਦੀ ਹੈ। ਸਿਧਾਂਤਕ ਤੌਰ ਤੇ ਇਹ ਵਖਰੇਵੇਂ ਬਿਲਕੁਲ ਥੋੜੇ ਫਰਕ ਵਾਲੇ ਹਨ ਮਿਸਾਲ ਦੇ ਤੌਰ ਤੇ ਕੁਝ ਧਰਮਾਂ ਵਿਚ ਸੰਸਾਰ ਨੂੰ ਕੇਵਲ ਭੁਲੇਖਾ ਜਾਂ ਛਲਾਵਾ ਹੀ ਸਮਝਿਆ ਗਿਆ ਹੈ ਤੇ ਕੇਵਲ ਰੱਬ ਨੂੰ ਹੀ ਅੰਤਮ ਸਚਾਈ 'ਸੱਚ' ਕਿਹਾ ਹੈ।

ਬਿਨ ਸਚੇ ਸਭ ਕੂੜ ਹੈ ਅੰਤੇ ਹੋਇ ਬਿਨਾਸ॥

ਕੁਝ ਧਰਮ ਇਸ ਸੰਸਾਰ ਨੂੰ ਪੂਰਨ ਜਾਂ ਨੀਮ ਅਸਲੀਅਤ ਦਸਦੇ ਹਨ ਕਿਉਂਕਿ ਇਹ ਪਰਮਾਤਮਾ ਦਾ ਸਾਜਿਆ ਹੈ।

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥

ਇਸ ਤਰ੍ਹਾਂ ਕਈ ਧਰਮਾਂ ਵਿਚ ਪਰਮਾਤਮਾ ਨੂੰ ਉਚਤਮ ਪੁਰਖ ਕਰਕੇ ਜਾਣਿਆ ਜਾਂਦਾ ਹੈ ਤੇ ਉਸ ਦੀ ਉਪਾਸ਼ਨਾ ਮਨੁੱਖੀ ਸਰੂਪ ਵਿਚ ਕੀਤੀ ਜਾਂਦੀ ਹੈ। ਕੁਝ ਵਿਚ ਕਿਹਾ ਜਾਂਦਾ ਹੈ ਕਿ ਉਸ ਦਾ ਕੋਈ ਸਥੂਲ ਸਰੀਰ ਜਾਂ ਰੂਪ ਨਹੀਂ ਹੈ। ਇਸ ਲਈ ਉਸ ਦੀਆਂ ਮੂਰਤੀਆਂ ਦੀ ਪੂਜਾ ਦੀ ਆਗਿਆ ਨਹੀਂ। ਇਹ ਵਖਰੇਵੇਂ ਬਿਲਕੁਲ ਮਾਮੂਲੀ ਹਨ ਪਰ ਇਨ੍ਹਾਂ ਨੂੰ ਬਹੁਤ ਵੱਡਾ ਬਣਾ ਮਨੁੱਖ ਸਦੀਆਂ ਤੋਂ ਲੜਦਾ ਰਿਹਾ ਹੈ। ਵੱਡੀ ਸਾਂਝ ਹੁੰਦਿਆ ਹੋਇਆਂ ਛੋਟੇ ਵਖਰੇਵੇ ਜਿਆਦਾ ਉਭਾਰੇ ਜਾਂਦੇ ਰਹੇ ਹਨ। ਜੇ ਅਸੀਂ ਵਿਸ਼ਵ ਸ਼ਾਂਤੀ ਅਤੇ ਸਾਂਝ ਨੂੰ ਸਥਾਪਿਤ ਕਰਨਾ ਚਾਹੁੰਦੇ ਹਾਂ ਤਾਂ ਗੁਰੂ ਤੇਗ ਬਹਾਦਰ ਜੀ ਦਾ ਇਹ ਸ਼ਬਦ ਸਾਡੇ ਲਈ ਹੈ-

ਸਰਬ ਧਰਮ ਮਾਨੋ ਤਿਹ ਕੀਏ<br>ਜਿਹ ਪ੍ਰਭ ਕੀਰਤਿ ਗਾਈ

ਭਾਵ ਉਸ ਨੇ ਸਭ ਧਰਮਾਂ ਨੂੰ ਆਪਣਾ ਲਿਆ ਜਿਸ ਨੇ ਉਸ ਅਨੰਤ ਅਥਾਹ ਪਰਮੇਸ਼ਰ ਦੇ ਗੁਣ ਗਾ ਲਏ।

..................................................

# ਗੁਰਬਾਣੀ ਵਿਆਖਿਆ – ਆਸਾ ਦੀ ਵਾਰ

**ਸਲੋਕ ਮਃ ੧॥**

**ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ॥**
ਜਿਹੜਾ ਪਰਮੇਸ਼ਰ ਮਨੁੱਖਾਂ, ਰੁੱਖਾਂ, ਤੀਰਥਾਂ, ਕਿਨਾਰਿਆਂ ਅਥਵਾ
ਨਦੀਆਂ, ਨਾਲਿਆਂ, ਸਮੁੰਦਰਾਂ ਦੇ ਕੰਢਿਆਂ, ਬੱਦਲਾਂ ਅਤੇ ਖੇਤਾਂ ਵਿੱਚ।
God which resides in men, trees, pilgrimages, shores, clouds, fields,

**ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ॥**
ਦੀਪਾਂ, ਲੋਕਾਂ, ਮੰਡਲਾਂ, ਖੰਡਾਂ ਅਤੇ ਬ੍ਰਹਮੰਡਾਂ ਵਿੱਚ
in islands, continents, worlds, solar systems and universes,

**ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ॥**
ਅੰਡਜਾਂ, ਜੇਰਜਾਂ, ਉਤਭੁਜਾਂ ਅਤੇ ਸ੍ਵੇਤਜਾਂ ਚਾਰੇ ਖਾਣੀਆਂ ਵਿੱਚ।
in eggs, wombs, vegetation and sweats,

**ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ॥**
ਤਲਾਵਾਂ, ਪਹਾੜਾਂ ਅਤੇ ਜੰਤੂਆਂ ਵਿੱਚ ਹੈ,
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇਨ੍ਹਾਂ ਸਭ ਦਾ ਹਿਸਾਬ ਵੀ ਉਹੋ ਹੀ ਜਾਣਦਾ ਹੈ।
In lakes, mountains and living beings; God alone knows the extent of His own existence.

**ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ ॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੀਵਾਂ ਨੂੰ ਪੈਦਾ ਕਰਕੇ ਸਾਰਿਆਂ ਨੂੰ ਸੰਭਾਲਦਾ ਵੀ ਉਹ ਆਪ ਹੀ ਹੈ।
Sri Guru Ji says: After creating the beings, God also takes care of them.

**ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ॥**
ਜਿਸ ਕਰਤਾ ਪੁਰਖ ਨੇ ਸੰਸਾਰ ਦੀ ਰਚਨਾ ਕੀਤੀ ਹੈ, ਇਸ ਦੀ ਪਾਲਣਾ ਦੀ ਚਿੰਤਾ ਵੀ ਉਸ ਹੀ ਕਰਨੀ ਹੈ।
The creator who created nature, is concerned about it as well

**ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ॥**
ਦੁਨੀਆਂ ਦੀ ਰਚਨਾ ਕਰਨ ਵਾਲੇ ਕਰਤੇ ਨੂੰ ਇਸ ਦੀ ਪਾਲਣਾ ਕਰਨ ਦੀ ਵੀ ਚਿੰਤਾ ਹੈ।
That creator, who has conceived the world, takes care of it.

**ਤਿਸੁ ਜੋਹਾਰੀ ਸੁਅਸਤਿ ਤਿਸੁ ਤਿਸੁ ਦੀਬਾਣੁ ਅਭਗੁ॥**
ਜੀਵ ਉਸ ਪ੍ਰਭੂ ਨੂੰ ਪ੍ਰਣਾਮ ਕਰਕੇ, ਉਸ ਦੀ ਜੈ ਬੋਲੇ, ਜਿਸਦਾ ਆਸਰਾ ਸਦਾ ਅਟੱਲ ਹੈ।
God should be revered; only He should be celebrated. His support is permanent.

**ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ॥੧॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹਰੀ ਨਾਮ ਸਿਮਰਨ ਤੋਂ ਬਿਨਾਂ ਤਿਲਕ ਅਤੇ ਜਨੇਊ ਬਾਹਰੀ ਚਿੰਨ੍ਹ ਵਿਅਰਥ ਹਨ।
Sri Guru Ji says: Without the name of the true God,
outward symbols like *Tilak* and *Janeo* are useless.

**ਮਃ ੧॥**
Slok 1st Guru

**ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ॥**
ਬੇਸ਼ੱਕ ਇਨਸਾਨ ਲੱਖਾਂ ਨੇਕੀਆਂ ਚੰਗਿਆਈਆਂ ਕਰੇ, ਲੱਖਾਂ ਪੁੰਨਾਂ ਨਾਲ ਮਸ਼ਹੂਰ ਹੋਣਾ ਚਾਹੇ।
Millions of virtues and approved charities,

**ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ॥**
ਲੱਖਾਂ ਹੀ ਤੀਰਥਾਂ ਉੱਤੇ ਤਪ ਕਰ ਲਵੇ, ਲੱਖਾਂ ਹੀ ਸਹਜ ਜੋਗ ਸੰਘਣੇ ਜੰਗਲਾਂ ਵਿੱਚ ਬੈਠਾ ਰਹੇ।
Millions of disciplined meditations at pilgrimage sites and practice of
thoughtlessness in dense forests,

**ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ॥**
ਲੱਖਾਂ ਜੰਗਾਂ ਵਿੱਚ ਸੂਰਮਿਆਂ ਵਾਂਗੂੰ ਲੜਦਾ ਹੋਇਆ ਰਣ ਵਿੱਚ ਜੂਝ ਜਾਏ।
Millions of courageous actions, the acts of sacrifice in the battlefields

**ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ॥**
ਲੱਖਾਂ ਵਾਰ ਸੁਰਤੀ ਜੋੜ ਕੇ ਲੱਖਾਂ ਗਿਆਨ ਧਿਆਨ ਦੀ ਚਰਚਾ ਵਾਸਤੇ ਪੁਰਾਨਾਂ ਦਾ ਪਾਠ ਕਰੇ।
Millions of divine teachings;
millions of meditations and readings of the scriptures.

**ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ॥**
ਜਿਸ ਕਰਤਾ ਪੁਰਖ ਨੇ ਦੁਨੀਆਂ ਨੂੰ ਬਣਾ ਕੇ ਜੰਮਣ ਦੇ ਨਾਲ ਹੀ ਮਰਨਾ ਵੀ ਲਿਖਿਆ ਹੈ।
The Creator who has made the world and
framed the arrival and departure of everything,

**ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ॥੨॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਬਾਕੀ ਸਾਰੀਆਂ ਸਿਆਣਪਾਂ ਝੂਠੀਆਂ ਹਨ,
ਉਹਦੀ ਮਿਹਰ ਦਾ ਨਿਸ਼ਾਨ ਹੀ ਸੱਚਾ ਹੈ।
Sri Guru Ji says: All the above actions are useless;
the Lord's benevolence is the ultimate truth.

**ਨਾਮਧਾਰੀ ਨਿਤਨੇਮ ਸਟੀਕ ਵਿਚੋਂ**

**ਚਲਦਾ...**

# ਦੇਖਣ ਆਇਓ ਜਗਤ ਤਮਾਸ਼ਾ

**ਡਾ. ਚਰਨਜੀਤ ਸਿੰਘ**
9811116003

ਸਾਹਿਬ ਸ੍ਰੀ ਗੋਬਿੰਦ ਸਿੰਘ ਜੀ ਦਾ ਜਨਮ ਮਾਤਾ ਗੁਜਰੀ ਜੀ ਦੀ ਕੁੱਖੋਂ ਮਿਤੀ 22 ਦਸੰਬਰ 1666 ਨੂੰ ਪਟਨਾ ਸਾਹਿਬ ਵਿਖੇ ਹੋਇਆ। ਆਪ ਜੀ ਦੇ ਜਨਮ ਸਮੇਂ ਪਿਤਾ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਪੂਰਬੀ ਬੰਗਾਲ, (ਅਸਾਮ) ਵਾਲੇ ਪਾਸੇ ਢਾਕਾ ਗਏ ਹੋਏ ਸਨ। ਗੁਰਦੇਵ ਜੀ ਨੂੰ ਸਾਹਿਬਜ਼ਾਦੇ ਦੇ ਅਵਤਾਰ ਧਾਰਨ ਦੀ ਖ਼ਬਰ ਉੱਥੇ ਹੀ ਮਿਲੀ। ਗੁਰਦੇਵ ਜੀ ਨੇ ਉੱਥੇ ਹੀ ਪਟਨਾ ਸਾਹਿਬ ਦੀ ਸੰਗਤ ਦੇ ਨਾਮ ਹੁਕਮਨਾਮਾ ਭੇਜਿਆ, ਜਿਸ ਵਿੱਚ ਸਾਹਿਬਜ਼ਾਦੇ ਦਾ ਨਾਮ ਗੋਬਿੰਦ ਰਾਇ ਰੱਖਣ ਲਈ ਆਗਿਆ ਕੀਤੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਸਮੇਂ ਪੀਰ ਭੀਖਣ ਸ਼ਾਹ ਜੋ ਕਿ ਮੁਸਲਮਾਨ ਸੀ, ਉਹ ਪੱਛਮੀ ਪੰਜਾਬ ਵਿੱਚ 'ਘੁੜਾਮ' ਨਾਮ ਦੇ ਕਸਬੇ ਵਿੱਚ ਰਹਿੰਦਾ ਸੀ। ਉਸ ਸਮੇਂ ਨਮਾਜ਼ ਪੜ੍ਹ ਰਿਹਾ ਸੀ। ਉਸ ਨੂੰ ਪੂਰਬ ਵਾਲੇ ਪਾਸਿਓਂ ਰੋਸ਼ਨੀ ਦਿਖਾਈ ਦਿੱਤੀ। ਉਸਨੇ ਆਪਣੀ ਆਤਮਿਕ ਸ਼ਕਤੀ ਨਾਲ ਜਾਣ ਲਿਆ-ਖ਼ੁਦਾ ਦਾ ਨੂਰ ਧਰਤੀ ਤੇ ਪ੍ਰਗਟ ਹੋਇਆ ਹੈ। ਉਸ ਨੇ ਪੂਰਬ ਵਾਲੇ ਪਾਸੇ ਮੂੰਹ ਕਰਕੇ ਸਿੱਜਦਾ ਕੀਤਾ। ਉਸ ਦੇ ਮੁਰੀਦਾਂ ਨੇ ਪੀਰ ਜੀ ਨੂੰ ਅਜਿਹਾ ਕਰਨ ਦਾ ਕਾਰਨ ਪੁੱਛਿਆ। ਇਹ ਅਸਚਰਜ ਕਿਉਂ, ਸਿੱਜਦਾ ਤਾਂ ਸਿਰਫ਼ ਕਾਬੇ ਵੱਲ ਮੂੰਹ ਕਰਕੇ ਹੀ ਕੀਤਾ ਜਾਂਦਾ ਹੈ।

ਪੀਰ ਜੀ ਨੇ ਮੁਰੀਦਾਂ ਨੂੰ ਨੂਰ ਦੇ ਦਰਸ਼ਨ ਹੋਣ ਬਾਰੇ ਦੱਸਿਆ। ਪੀਰ ਜੀ ਆਪਣੇ ਮੁਰੀਦਾਂ ਨੂੰ ਨਾਲ ਲੈ ਕੇ ਪੰਜਾਬ ਤੋਂ ਪਟਨਾ ਸਾਹਿਬ ਆ ਗਏ। ਉਨ੍ਹਾਂ ਨੇ ਮਾਤਾ ਜੀ ਨੂੰ ਨੂਰਾਨੀ ਚਿਹਰੇ ਦੇ ਦਰਸ਼ਨ ਕਰਾਉਣ ਲਈ ਬੇਨਤੀ ਕੀਤੀ। ਮਾਤਾ ਜੀ ਪਹਿਲਾਂ ਤਾਂ ਸੋਚਾਂ ਵਿੱਚ ਪੈ ਗਏ ਕਿ ਪੀਰ ਜੀ ਮੁਸਲਮਾਨ ਹਨ, ਸਾਹਿਬਜ਼ਾਦੇ ਦੇ ਦਰਸ਼ਨ ਕਿਵੇਂ ਕਰਵਾਏ ਜਾਣ, ਪਰ ਪੀਰ ਜੀ ਹਠ ਕਰਕੇ ਬੈਠ ਗਏ ਕਿ ਦਰਸ਼ਨ ਕਰਕੇ ਹੀ ਜਾਣਾ ਹੈ। ਸੋ ਮਾਮਾ ਕਿਰਪਾਲ ਜੀ ਸਾਹਿਬਜ਼ਾਦੇ ਨੂੰ ਬਾਹਰ ਲੈ ਆਏ।

ਪੀਰ ਜੀ ਨੇ ਜੋ ਦੋ ਕੁੱਜੇ ਦੁੱਧ ਦੇ, ਉਹ ਆਪਣੇ ਨਾਲ ਲਿਆਏ ਸਨ, ਸਾਹਿਬਜ਼ਾਦੇ ਅੱਗੇ ਰੱਖ ਦਿੱਤੇ। ਬਾਲ-ਗੋਬਿੰਦ ਨੇ ਦੋਹਾਂ ਕੁੱਜਿਆਂ ਤੇ ਹੱਥ ਰੱਖ ਦਿੱਤਾ। ਪੀਰ ਜੀ ਨੇ ਸਿੱਜਦਾ ਕੀਤਾ ਤੇ ਆਪਣੇ ਮੁਰੀਦਾਂ ਨੂੰ ਦੱਸਿਆ ਕਿ ਮੈਂ ਇਹੀ ਜਾਣਨਾ ਚਾਹੁੰਦਾ ਸੀ-ਇਹ ਵਲੀ ਹਿੰਦੂਆਂ ਦਾ ਪੱਖ ਪੂਰੇਗਾ ਜਾਂ ਮੁਸਲਮਾਨਾਂ ਦਾ। ਮੇਰੇ ਮਨ ਦੀ ਤਸੱਲੀ ਹੋ ਗਈ ਹੈ, ਇਹ ਦੋਹਾਂ ਦੀ ਰੱਖਿਆ ਕਰੇਗਾ। ਇਸ ਤਰ੍ਹਾਂ ਪੀਰ ਜੀ ਖ਼ੁਸ਼ੀ-ਖ਼ੁਸ਼ੀ ਵਾਪਸ ਆ ਗਏ।

ਗੋਬਿੰਦ ਰਾਏ ਜੀ ਥੋੜ੍ਹੇ ਵੱਡੇ ਹੋਏ ਤਾਂ ਪਟਨਾ ਦੀਆਂ ਗਲੀਆਂ ਵਿੱਚ ਖੇਡਣ ਲੱਗੇ। ਕਈ ਵਾਰ ਬੱਚਿਆਂ ਨੂੰ ਨਾਲ ਲੈ ਕੇ ਗੰਗਾ ਦੇ ਕੰਢੇ ਖੇਡਣ ਜਾਂਦੇ। ਉੱਥੇ ਇਕ ਵਿਦਵਾਨ ਪੰਡਤ ਸ਼ਿਵਦਤ ਸੀ ਜੋ ਕ੍ਰਿਸ਼ਨ ਜੀ ਦਾ ਪੁਜਾਰੀ ਸੀ। ਉਹ ਕ੍ਰਿਸ਼ਨ ਜੀ ਦੀ ਮੂਰਤੀ ਅੱਗੇ ਰੱਖ ਕੇ ਸਮਾਧੀ ਲਗਾ ਕੇ ਬੈਠਦਾ ਸੀ। ਇਕ ਦਿਨ ਪੰਡਤ ਜੀ ਮੂਰਤੀ ਅੱਗੇ ਕੁਝ ਪ੍ਰਸ਼ਾਦ ਰੱਖ ਕੇ ਸਮਾਧੀ ਲਗਾ ਕੇ ਬੈਠੇ ਸਨ। ਚੋਜੀ ਪ੍ਰੀਤਮ ਨੇ ਥਾਲ਼ ਅੱਗੋਂ ਚੁੱਕ ਲਿਆ ਤੇ ਮਿਠਾਈ ਬਾਲਕਾਂ ਵਿੱਚ ਵੰਡ ਦਿੱਤੀ। ਜਦੋਂ ਪੰਡਤ ਜੀ ਨੇ ਦੇਖਿਆ ਤਾਂ ਸਾਹਿਬਜ਼ਾਦੇ ਪਿੱਛੇ ਦੌੜ ਪਏ। ਸਾਹਿਬ ਮੁਸਕਰਾ ਕੇ ਬੋਲੇ- ਪੰਡਤ ਜੀ ! ਰੋਜ਼ ਬੁਲਾਉਂਦੇ ਹੋ ਭੋਗ ਲਗਾਓ-ਭੋਗ ਲਗਾਓ, ਅੱਜ ਰੋਕਦੇ ਪਏ ਹੋ। ਜਦੋਂ ਪੰਡਤ ਨੇ ਸਿਰ ਉੱਚਾ ਕੀਤਾ ਤਾਂ ਕੀ ਦੇਖਿਆ-

ਜਿਸ ਇਸ਼ਟ ਦੀ ਪੂਜਾ ਅਤੇ ਦਰਸ਼ਨ ਦੀ ਲੋਚਾ ਸੀ, ਅੱਜ ਉਸੀ ਦੇ ਦੀਦਾਰ ਹੋ ਗਏ। ਬੱਸ ਪੰਡਤ ਚਰਨਾਂ ਤੇ ਡਿੱਗ ਪਿਆ। ਉਸ ਦਿਨ ਤੋਂ ਪੰਡਤ ਸਾਹਿਬਾਂ ਦਾ ਸ਼ਰਧਾਲੂ ਬਣ ਗਿਆ।

ਰਾਜਾ ਫ਼ਤਹਿ ਚੰਦ ਅਤੇ ਉਸ ਦੀ ਰਾਣੀ, ਪੰਡਤ ਸ਼ਿਵਦਤ ਨੂੰ ਬੜਾ ਮੰਨਦੇ ਸਨ। ਉਨ੍ਹਾਂ ਦੇ ਘਰ ਔਲਾਦ ਨਹੀਂ ਸੀ। ਉਨ੍ਹਾਂ ਇਕ ਦਿਨ ਪੰਡਤ ਜੀ ਨੂੰ ਪ੍ਰਭੂ ਅੱਗੇ ਪ੍ਰਾਰਥਨਾ ਕਰਨ ਲਈ ਬੇਨਤੀ ਕੀਤੀ। ਪੰਡਤ ਜੀ ਨੇ ਉਨ੍ਹਾਂ ਨੂੰ ਦੱਸਿਆ-ਰੱਬ ਦੇ ਨੂਰ ਸ੍ਰੀ ਗੋਬਿੰਦ ਰਾਇ ਜੀ ਨੇ, ਮਨੁੱਖੀ ਜਾਮੇ ਵਿੱਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਗ੍ਰਿਹਿ ਵਿਖੇ ਅਵਤਾਰ ਧਾਰਿਆ ਹੈ। ਤੁਸੀਂ ਇਕ ਮਨ ਹੋ ਕੇ ਗੋਬਿੰਦ ਰਾਏ ਜੀ ਨੂੰ ਅਰਾਧੋ,ਉਹ ਤੁਹਾਡੀ ਮੁਰਾਦ ਪੂਰੀ ਕਰਨਗੇ।

ਇਕ ਦਿਨ ਰਾਜਾ ਤੇ ਰਾਣੀ ਸ੍ਰੀ ਗੋਬਿੰਦ ਰਾਇ ਜੀ

ਦਾ ਧਿਆਨ ਲਗਾ ਕੇ ਬੈਠੇ ਹੋਏ ਸਨ। ਸ੍ਰੀ ਗੋਬਿੰਦ ਰਾਇ ਜੀ ਸਾਥੀਆਂ ਸਮੇਤ ਉੱਥੇ ਪੁੱਜ ਗਏ। ਨਿੱਕੀਆਂ-ਨਿੱਕੀਆਂ ਕੋਮਲ ਬਾਂਹਾਂ ਰਾਣੀ ਦੇ ਗਲ ਵਿੱਚ ਪਾ ਦਿੱਤੀਆਂ ਤੇ ਰਾਣੀ ਦੀ ਗੋਦ ਵਿੱਚ ਬੈਠ ਗਏ। ਮਾਂ-ਮਾਂ ਸ਼ਬਦ ਅਲਾਪਣ ਲੱਗੇ। ਜਦ ਰਾਣੀ ਨੇ ਅੱਖਾਂ ਖੋਲੀਆਂ ਤਾਂ ਕੀ ਡਿੱਠਾ-ਸੋਹਣਾ ਚਿਹਰਾ ਫੁੱਲਾਂ ਵਾਂਗ ਮੁਸਕਰਾ ਰਿਹਾ ਸੀ। ਰਾਣੀ ਮਿਠਾਈ ਦਾ ਥਾਲ਼ ਭਰ ਕੇ ਲੈ ਆਈ। ਬਾਲ ਗੋਬਿੰਦ ਜੀ ਬੋਲੇ- 'ਮਾਂ ਜੀ, ਅੰਦਰ ਰਸੋਈ ਵਿੱਚ ਜੋ ਛੋਲੇ ਅਤੇ ਪੂੜੀਆਂ ਤਲੀਆਂ ਹੋਈਆਂ ਹਨ, ਅਸੀਂ ਉਹ ਖਾਵਾਂਗੇ।' ਬਾਦ ਵਿੱਚ ਆਪ ਰੋਜਾਨਾਂ ਬਾਲਕਾਂ ਨੂੰ ਨਾਲ ਲੈ ਕੇ ਮਹਿਲਾਂ ਵਿੱਚ ਜਾਂਦੇ। ਰਾਣੀ ਪਾਸੋਂ ਛੋਲੇ ਅਤੇ ਪੂੜੀਆਂ ਆਪ ਵੀ ਖਾਂਦੇ ਅਤੇ ਬਾਲਕਾਂ ਵਿੱਚ ਵੀ ਵੰਡਦੇ।

ਉੱਥੇ ਹੁਣ 'ਮੈਣੀ ਸੰਗਤ' ਦੇ ਥਾਂ ਤੋਂ ਗੁਰਦੁਆਰਾ ਮੌਜੂਦ ਹੈ। ਉੱਥੇ ਛੋਲੇ- ਪੂੜੀਆਂ ਦ ਪ੍ਰਸ਼ਾਦਿ ਵਰਤਦਾ ਹੈ। ਆਪ ਜੀ ਦੀ ਪੜ੍ਹਾਈ ਦਾ ਪ੍ਰਬੰਧ ਵੀ ਪਟਨਾ ਸਾਹਿਬ ਹੀ ਕੀਤਾ ਗਿਆ। ਆਪ ਜੀ ਨੂੰ ਗੁਰਮੁਖੀ ਪੜ੍ਹਨ ਦੇ ਨਾਲ-ਨਾਲ ਸ਼ਸਤਰਾਂ ਦੀ ਸਿਖਲਾਈ ਅਤੇ ਘੋੜ-ਸਵਾਰੀ ਵਿੱਚ ਵੀ ਨਿਪੁੰਨ ਕੀਤਾ ਗਿਆ। ਆਪ ਜੀ ਤੀਰ ਚਲਾਣ ਵਿੱਚ ਖ਼ਾਸ ਮੁਹਾਰਤ ਰੱਖਦੇ ਸਨ। ਆਪ ਜੀ ਖੂਹ ਤੇ ਪਾਣੀ ਭਰਨ ਆਈਆਂ ਤੀਵੀਆਂ ਦੇ ਘੜੇ ਗ਼ੁਲੇਲਾਂ ਮਾਰ ਕੇ ਭੰਨ ਦੇਂਦੇ। ਉਹ ਮਾਤਾ ਗੁਜਰੀ ਜੀ ਪਾਸ ਸ਼ਿਕਾਇਤਾਂ ਕਰਨ ਆਈਆਂ।

ਮਾਤਾ ਜੀ ਉਨ੍ਹਾਂ ਨੂੰ ਲੋਹੇ ਦੀਆਂ ਗਾਗਰਾਂ ਬਣਵਾ ਦਿੱਤੀਆਂ ਸਾਹਿਬਾਂ ਨੇ ਉਨ੍ਹਾਂ ਦੀਆਂ ਗਾਗਰਾਂ ਤੀਰ ਦੇ ਨਿਸ਼ਾਨੇ ਬਣਾ ਕੇ ਛੇਕ ਪਾ ਦਿੱਤੇ। ਇਕ ਵੇਰਾਂ ਦਸਮੇਸ਼ ਜੀ ਲਈ ਕੋਈ ਸ਼ਰਧਾਲੂ ਸੋਨੇ ਦੇ ਕੜੇ ਭੇਂਟ ਕਰ ਗਿਆ। ਚੋਜੀ ਪ੍ਰੀਤਮ ਗੰਗਾ ਦੇ ਕਿਨਾਰੇ ਬਾਲਕਾਂ ਨਾਲ ਖੇਡ ਰਹੇ ਸਨ, ਇਕ ਕੜਾ ਗੰਗਾ ਵਿੱਚ ਵਗ੍ਹਾ ਮਾਰਿਆ। ਜਦ ਖੇਡ ਕੇ ਘਰ ਵਾਪਸ ਆਏ, 'ਮਾਤਾ' ਜੀ ਨੇ ਪੁੱਛਿਆ, ਲਾਲ ਜੀ, ਇਕ ਕੜਾ ਕਿੱਥੇ ਹੈ? ਤਾਂ ਭੋਲੇ ਜਿਹੇ ਮੁਖੜੇ ਨਾਲ ਕਹਿਣ ਲੱਗੇ, 'ਚਲੋ ਦੱਸਾਂ!' ਤਾਂ ਮਾਤਾ ਜੀ ਮਾਮਾ ਕਿਰਪਾਲ ਜੀ ਨੂੰ ਨਾਲ ਕੇ ਗੰਗਾ ਦੇ ਕੰਢੇ ਓਸੇ ਥਾਂ ਤੇ ਪੁੱਜ ਗਏ ਅਤੇ ਦੂਸਰਾ ਕੜਾ ਵੀ ਬਾਂਹ ਤੋਂ ਉਤਾਰ ਕੇ ਸੁੱਟ ਦਿੱਤਾ ਤੇ ਮੁਸਕਰਾ ਕੇ ਬੋਲੇ- ਓਥੇ ਸੁੱਟਿਆ ਸੀ। 'ਉੱਥੇ ਹੁਣ ਗੁਰਦੁਆਰਾ 'ਗੋਬਿੰਦਘਾਟ' ਮੌਜੂਦ ਹੈ।

ਪਟਨਾ ਸਾਹਿਬ ਵਿਖੇ ਆਪ ਖ਼ਾਲੀ ਸਮੇਂ ਆਪਣੇ ਹਾਣੀਆਂ ਨਾਲ ਦੋ ਟੋਲੀਆਂ ਬਣਾ ਕੇ ਝੂਠੀਆਂ ਲੜਾਈਆਂ ਕਰਵਾਉਂਦੇ। ਇਕ ਟੋਲੀ ਦੀ ਕਮਾਨ ਆਪ ਸੰਭਾਲਦੇ ਅਤੇ ਦੂਜੀ ਟੋਲੀ ਨੂੰ ਪਹਿਲ ਕਰਨ ਦਾ ਮੌਕਾ ਦੇਂਦੇ।

ਇਕ ਦਿਨ ਆਪਣੇ ਹਾਣੀਆਂ ਨਾਲ ਖੇਡ ਰਹੇ ਸਨ ਕਿ ਪਟਨਾ ਦੇ ਨਵਾਬ ਦੀ ਸਵਾਰੀ ਆ ਗਈ। ਚੋਬਦਾਰ ਨੇ ਕਿਹਾ, ਬੱਚਿਓ! ਇੱਧਰ ਦੇਖੋ,ਨਵਾਬ ਸਾਹਿਬ ਨੂੰ ਸਲਾਮ ਕਰੋ।' ਦਸਮੇਸ਼ ਜੀ ਬੜੀ ਦਲੇਰੀ ਨਾਲ ਬੋਲੇ ਅਸੀਂ ਸਲਾਮ ਨਹੀਂ ਕਰਾਂਗੇ।' ਜਦ ਨਵਾਬ ਦੀ ਸਵਾਰੀ ਨੇੜੇ ਪਹੁੰਚੀ ਤਾਂ ਸਭ ਬੱਚੇ ਉਈ-ਉਈ ਕਰਕੇ ਨੱਸ ਗਏ। ਇਸ ਘਟਨਾ ਤੋਂ ਪਤਾ ਚੱਲਦਾ ਹੈ ਕਿ ਆਪ ਬਚਪਨ ਤੋਂ ਹੀ ਕਿਤਨੇ ਨਿਡਰ ਤੇ ਦਲੇਰ ਸਨ। ਆਪ ਜੀ ਵਿੱਚ ਛੋਟੀ ਉਮਰ ਤੋਂ ਹੀ ਜਰਨੈਲਾਂ ਵਾਲੇ ਗੁਣ ਮੌਜੂਦ ਸਨ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਆਸਾਮ ਤੋਂ ਵਾਪਸ ਆਉਂਦਿਆਂ ਸਾਰ ਹੁਕਮਨਾਮਾ ਭੇਜਿਆ ਤੇ ਸਾਰੇ ਪਰਿਵਾਰ ਨੂੰ ਅਨੰਦਪੁਰ ਸਾਹਿਬ ਬੁਲਾਵਾ ਭੇਜਿਆ।

ਮਾਤਾ ਗੁਜਰੀ ਜੀ ਤਿਆਰ ਹੋ ਗਏ, ਜਦ ਪਟਨਾ ਸਾਹਿਬ ਦੀ ਸੰਗਤ ਨੂੰ ਪਤਾ ਲੱਗਾ ਤਾਂ ਸ਼ਰਧਾਲੂ ਰਾਜਾ ਫ਼ਤਹਿ ਚੰਦ, ਉਸ ਦੀ ਰਾਣੀ, ਪੰਡਤ ਸ਼ਿਵਦਤ ਤੇ ਹੋਰ ਕਈ ਸੇਵਕ ਦਰਸ਼ਨ ਕਰਨ ਆਏ ਤੇ ਕਈ ਭੇਟਾ ਲਿਆਏ। ਸੰਗਤਾਂ ਨੇ ਬੇਨਤੀ ਕੀਤੀ ਕਿ ਦਸਮੇਸ਼ ਜੀ ਦਾ ਪੰਘੂੜਾ ਜੋ ਪੂਜਣ ਯੋਗ ਹੈ ,ਇੱਥੇ ਹੀ ਰਹਿਣ ਦਿੱਤਾ ਜਾਵੇ। ਸੋ ਉਹ ਪੰਘੂੜਾ ਅੱਜ ਵੀ ਪਟਨਾ ਸਾਹਿਬ ਵਿਖੇ ਪਿਆ ਹੈ। ਸਾਰੀ ਸੰਗਤ ਨੇ ਬੜੇ ਪਿਆਰ ਅਤੇ ਸਤਿਕਾਰ ਨਾਲ ਸਾਰੇ ਪਰਿਵਾਰ ਨੂੰ ਵਿਦਾ ਕੀਤਾ। ਰਸਤਾ ਲੰਮਾ ਸੀ, ਰਾਹ ਵਿੱਚ ਕਾਫ਼ੀ ਸਮਾਂ ਲੱਗ ਗਿਆ। ਰਸਤੇ ਵਿੱਚ ਕਈ ਹਿੰਦੂ ਤੀਰਥ ਆਏ। ਜਦ ਆਪ ਜੀ ਅਨੰਦਪੁਰ ਸਾਹਿਬ ਪਹੁੰਚੇ ਤਾਂ ਸੰਗਤਾਂ ਨੇ ਬੜੇ ਉਤਸ਼ਾਹ ਨਾਲ ਸਵਾਗਤ ਤੇ ਸਤਿਕਾਰ ਕੀਤਾ।

ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਆਪ ਦੀ ਪੜ੍ਹਾਈ-ਲਿਖਾਈ ਵੱਲ ਉਚੇਚਾ ਧਿਆਨ ਦਿੱਤਾ। ਗੁਰਬਾਣੀ ਤਾਂ ਆਪ ਜੀ ਨੇ ਮਾਤਾ ਜੀ ਪਾਸੋਂ ਬਹੁਤ ਸਾਰੀ ਪੜ੍ਹ ਕੇ ਕੰਠ ਕਰ ਲਈ। ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚਾਰ ਤੇ ਹੋਰ ਇਤਿਹਾਸਿਕ ਜਾਣਕਾਰੀ ਵੀ ਪ੍ਰਾਪਤ ਕੀਤੀ। ਹਿੰਦੀ, ਸੰਸਕ੍ਰਿਤ, ਅਰਬੀ, ਫ਼ਾਰਸੀ ਤੇ ਬ੍ਰਿਜ ਭਾਸ਼ਾ ਦੀ ਪੜ੍ਹਾਈ ਲਈ ਉਚੇਚਾ ਪ੍ਰਬੰਧ ਕੀਤਾ ਗਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚਾਰ ਅਤੇ ਗੁਰੂ-ਘਰ ਦੀ ਇਤਿਹਾਸਿਕ ਜਾਣਕਾਰੀ ਲਈ ਆਪਜੀ ਨੂੰ ਮੁਨਸ਼ੀ ਸਾਹਿਬ ਚੰਦ ਪਾਸ ਭੇਜਿਆ ਗਿਆ। ਸੰਸਕ੍ਰਿਤ ਅਤੇ ਫ਼ਾਰਸੀ ਦੀ ਪੜ੍ਹਾਈ ਮੁਨਸ਼ੀ ਪੀਰ ਮੁਹੰਮਦ ਸਲੋਹ ਪਾਸੋਂ ਕਰਵਾਈ ਗਈ। ਆਪ ਜੀ ਨੂੰ ਸ਼ਸਤਰ ਵਿੱਦਿਆ ਵਿੱਚ ਵੀ

ਨਿਪੁੰਨ ਕੀਤਾ ਗਿਆ। ਤਲਵਾਰ, ਤੀਰ, ਖੰਡਾ,ਬੰਦੂਕ, ਨੇਜ਼ੇਬਾਜ਼ੀ ਅਤੇ ਕੁਸ਼ਤੀ ਦੀ ਸਿਖਲਾਈ ਦਿੱਤੀ ਗਈ।

ਉਸ ਸਮੇਂ ਦਿੱਲੀ ਦੇ ਤਖ਼ਤ ਉੱਤੇ ਬੈਠਾ ਹਿੰਦੁਸਤਾਨ ਦਾ ਬਾਦਸ਼ਾਹ ਔਰੰਗਜ਼ੇਬ ਇੱਕ ਤੰਗ-ਦਿਲ, ਜ਼ਾਲਮ ਤੇ ਕੱਟੜ ਮੁਸਲਮਾਨ ਸੀ, ਜਿਸ ਨੇ ਆਪਣੇ ਪਿਉ ਸ਼ਾਹਜਹਾਨ ਨੂੰ ਕੈਦ ਕਰ ਕੇ ਅਤੇ ਆਪਣੇ ਭਰਾ ਦਾਰਾ ਸ਼ਿਕੋਹ ਨੂੰ ਮਰਵਾ ਕੇ ਸ਼ਾਹੀ ਤਖ਼ਤ ਤੇ ਜਬਰਨ ਕਬਜ਼ਾ ਕੀਤਾ ਹੋਇਆ ਸੀ। ਉਸਦੇ ਸਿਰ ਤੇ ਇਹ ਜਨੂਨ ਸਵਾਰ ਸੀ - ਹਿੰਦੂ ਧਰਮ ਦਾ ਖ਼ਾਤਮਾ ਕਰਕੇ ਸਾਰੇ ਦੇਸ਼ ਵਿੱਚ ਇਸਲਾਮੀ ਝੰਡਾ ਝੁਲਾਇਆ ਜਾਵੇ। ਹਿੰਦੂਆਂ ਤੇ ਕਰੜੇ ਟੈਕਸ ਵੀ ਲਗਾਏ ਜਾਂਦੇ। ਹਰ ਪਾਸੇ ਸ਼ਾਹੀ ਫ਼ਰਮਾਨ ਜਾਰੀ ਕੀਤੇ ਗਏ। ਜਿੱਥੇ ਕਿਤੇ ਵੀ ਹਿੰਦੂ ਨਜ਼ਰ ਆਵੇ, ਜ਼ਬਰਦਸਤੀ ਉਸਦਾ ਜੰਞੂ ਉਤਾਰ ਲਿਆ ਜਾਵੇ। ਕਸ਼ਮੀਰ ਦੇ ਸੂਬੇਦਾਰ ਨੇ ਹਜ਼ਾਰਾਂ ਬੇਵੱਸ ਲੋਕਾਂ ਦੇ ਜੰਞੂ ਉਤਾਰੇ ਜੋ ਵੀ ਇਨਕਾਰ ਕਰਦਾ, ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ।

ਹਿੰਦੂਆਂ ਦੇ ਆਗੂ ਬ੍ਰਾਹਮਣ ਸਨ, ਇਸ ਲਈ ਉਹ ਸਭ ਤੋਂ ਵੱਧ ਜ਼ੁਲਮ ਦੇ ਸ਼ਿਕਾਰ ਬਣੇ। ਨਿਤਾਣੇ ਪੰਡਤਾਂ ਨੇ ਸ਼ੇਰ ਅਫ਼ਗਾਨ ਪਾਸੋਂ ਛੇ ਮਹੀਨੇ ਦੀ ਮੁਹਲਤ ਮੰਗੀ। ਫਿਰ ਪੰਡਤਾਂ ਦੀ ਇਕ ਟੋਲੀ ਅਨੰਦਪੁਰ ਸਾਹਿਬ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਰਨ ਵਿੱਚ ਆਈ। ਗੁਰੂ ਜੀ ਦੇ ਦਰ ਤੇ ਫ਼ਰਿਆਦ ਆ ਕੀਤੀ ਅਤੇ ਸਾਰੀ ਵਿਥਿਆ ਕਹਿ ਸੁਣਾਈ। ਪੰਡਤਾਂ ਪਾਸੋਂ ਇਹ ਗੱਲ ਸੁਣ ਕੇ ਕਿ ਹਿੰਦੂ ਧਰਮ ਖ਼ਤਰੇ ਵਿੱਚ ਹੈ, ਗੁਰੂ ਤੇਗ਼ ਬਹਾਦਰ ਜੀ ਸੋਚਾਂ ਵਿੱਚ ਪੈ ਗਏ। ਇਤਨੇ ਨੂੰ ਬਾਲ ਗੋਬਿੰਦ ਰਾਇ ਜੀ ਬਾਹਰੋਂ ਖੇਡਦੇ ਹੋਏ ਆਏ। ਪੰਡਤਾਂ ਨੂੰ ਦੇਖ ਕੇ ਪਿਤਾ ਜੀ ਤੋਂ ਕਾਰਨ ਪੁੱਛਿਆ। ਗੁਰਦੇਵ ਜੀ ਨੇ ਦੱਸਿਆ, 'ਤਿਲਕ-ਜੰਞੂ' ਦੀ ਰੱਖਿਆ ਲਈ ਕਿਸੇ ਮਹਾਂਪੁਰਸ਼ ਦਾ ਬਲੀਦਾਨ ਚਾਹੀਦਾ ਹੈ, ਤਾਂ ਹਿੰਦੂ ਧਰਮ ਬਚ ਸਕਦਾ ਹੈ। ਉਸ ਸਮੇ ਨੌਂ ਸਾਲ ਦੇ ਬਾਲਕ ਗੋਬਿੰਦ ਰਾਇ ਜੀ ਨੇ ਸਮਾਂ ਤੇ ਹਾਲਾਤ ਵੇਖਦੇ ਹੋਏ ਕਿਹਾ, ''ਪਿਤਾ ਜੀ! ਆਪ ਤੋਂ ਵੱਧ 'ਮਹਾਂਪੁਰਸ਼ ਹੋਰ ਕੌਣ ਹੋ ਸਕਦਾ ਹੈ।' ਇਹ ਕਹਿ ਕੇ ਪਿਤਾ ਗੁਰਦੇਵ ਜੀ ਨੂੰ ਦਿੱਲੀ ਭੇਜਿਆ ਤਾਂ ਜੋ ਹਿੰਦੂ ਧਰਮ ਦੀ ਰੱਖਿਆ ਹੋ ਸਕੇ।

ਇਹ ਸੀ ਦਸਮੇਸ਼ ਜੀ ਦੀ ਪਹਿਲੀ ਕੁਰਬਾਨੀ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਿੱਲੀ ਜਾਣ ਤੋਂ ਪਹਿਲਾਂ ਇਹ ਹੁਕਮ ਕਰ ਗਏ ਸਨ,'ਹੁਣ ਗੁਰਗੱਦੀ ਦੀ ਜ਼ਿੰਮੇਵਾਰੀ ਸਾਹਿਬਜ਼ਾਦਾ ਗੋਬਿੰਦ ਰਾਇ ਜੀ ਦੀ ਹੈ।' ਦਿੱਲੀ ਵਿੱਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਦ ਬਾਬਾ ਰਾਮ ਕੰਵਰ ਜੀ, ਜੋ ਬਾਬਾ ਬੁੱਢਾ ਜੀ ਦੀ ਅੰਸ਼ ਵਿੱਚੋਂ ਸਨ, ਉਨ੍ਹਾਂ ਨੇ ਦਸਮੇਸ਼ ਜੀ ਨੂੰ ਤਿਲਕ ਲਗਾਇਆ, ਸੀਸ ਤੇ ਕਲਗ਼ੀ ਸਜਾਈ।

ਇਸ ਤਰ੍ਹਾਂ ਦਸਮੇਸ਼ ਜੀ ਨੂੰ ਗੁਰਗੱਦੀ ਤੇ ਸੁਭਾਇਮਾਨ ਕੀਤਾ ਗਿਆ। ਉਸ ਸਮੇਂ ਦਸਮੇਸ਼ ਜੀ ਦੀ ਉਮਰ ਨੌਂ ਸਾਲ ਦੀ ਸੀ। ਜਦ ਗੁਰਗੱਦੀ ਤੇ ਸੁਭਾਇਮਾਨ ਹੋਏ ਤਾਂ ਸੰਗਤਾਂ ਵਿੱਚ ਭਾਰੀ ਉਤਸ਼ਾਹ ਸੀ। ਸਮੇਂ ਦੇ ਨਾਲ-ਨਾਲ ਗੁਰੂ ਜੀ ਦੀ ਕੀਰਤੀ ਦੂਰ-ਦੂਰ ਤੱਕ ਫੈਲਣ ਲੱਗੀ। ਗੁਰੂ ਜੀ ਦੇ ਦਰਸ਼ਨਾਂ ਲਈ ਕਈ ਤੋਹਫ਼ੇ ਸੰਗਤਾਂ ਭੇਟਾ ਵਜੋਂ ਲਿਆਈਆਂ। ਕਾਬਲ-ਕੰਧਾਰ ਤੋਂ ਸੰਗਤਾਂ ਗਰਮ ਬਸਤਰ, ਗਲੀਚੇ ਆਦਿ ਲਿਆਈਆਂ। ਕਾਬਲ ਤੋਂ ਆਏ ਭਾਈ ਦੁਨੀ ਚੰਦ ਜੀ ਨੇ ਬੜੀ ਹੀ ਕੀਮਤੀ ਤੇ ਸੋਹਣੀ ਚਾਂਦਨੀ ਗੁਰੂ ਜੀ ਨੂੰ ਭੇਟ ਕੀਤੀ। ਜਦ ਸ੍ਰੀ ਗੁਰੂ ਤੇਗ਼ ਬਹਾਦਰ ਜੀ ਅਸਾਮ ਗਏ ਹੋਏ ਸਨ ਤਾਂ ਉਥੋਂ ਦਾ ਰਾਜਾ, ਰਾਮਰਾਇ ਜੋ ਗੁਰੂ-ਘਰ ਦਾ ਸ਼ਰਧਾਲੂ ਸੀ ਅਤੇ ਜਿਸ ਦੇ ਘਰ ਔਲਾਦ ਨਹੀਂ ਸੀ, ਨੇ ਗੁਰੂ ਜੀ ਅੱਗੇ ਬੇਨਤੀ ਕੀਤੀ- ਆਪ ਪੁੱਤਰ ਦੀ ਦਾਤ ਬਖ਼ਸ਼ੀਸ਼ ਕਰੋ।

ਸਤਿਗੁਰੂ ਜੀ ਦੀ ਕਿਰਪਾ ਸਦਕਾ ਉਸ ਦੇ ਘਰ ਪੁੱਤਰ ਜਨਮਿਆ। ਰਾਜੇ ਨੇ ਉਸ ਦਾ ਨਾਮ ਰਤਨ ਰਾਇ ਰੱਖਿਆ। ਥੋੜੇ ਸਮੇਂ ਬਾਦ ਰਾਜਾ ਚੜ੍ਹਾਈ ਕਰ ਗਿਆ। ਜਦ ਰਾਜਕੁਮਾਰ ਬਾਰ੍ਹਾਂ ਕੁ ਵਰ੍ਹਿਆਂ ਦਾ ਹੋਇਆ ਤਾਂ ਆਪਣੀ ਮਾਤਾ ਸਮੇਤ ਦਸਮੇਸ਼ ਜੀ ਦੇ ਦਰਸ਼ਨ ਕਰਨ ਅਨੰਦਪੁਰ ਸਾਹਿਬ ਆਇਆ। ਗੁਰੂ ਜੀ ਨੂੰ ਭੇਂਟ ਕਰਨ ਲਈ ਇਕ ਪਰਸਾਦੀ ਹਾਥੀ (ਜਿਸ ਦੀ ਸੁੰਢ ਤੋਂ ਪੂਛ ਤੱਕ ਸਫ਼ੇਦ ਧਾਰੀ ਸੀ ਅਤੇ ਹਰ ਪ੍ਰਕਾਰ ਦੀ ਸੇਵਾ ਕਰਨਾ ਸਿੱਖਿਆ ਹੋਇਆ ਸੀ) ਪੰਜ ਕਲਾ ਸ਼ਸਤਰ (ਜਿਗ੍ਹਾ, ਕਲਗ਼ੀ, ਮੋਤੀਆਂ ਦੀ ਮਾਲਾ, ਚੰਦਨ ਦੀ ਚੌਕੀ, ਚਾਂਦੀ ਦਾ ਕਟੋਰਾ) ਵਡਮੁੱਲੀਆਂ ਵਸਤਾਂ ਲਿਆਇਆ ਸੀ। ਉਹ ਕੁਝ ਸਮਾਂ ਗੁਰੂ ਜੀ ਪਾਸ ਰਿਹਾ। ਗੁਰੂ ਜੀ ਨੇ ਰਤਨ ਰਾਇ ਨੂੰ ਨਾਮ-ਦਾਨ ਅਤੇ ਸਿੱਖੀ-ਦਾਨ ਬਖ਼ਸ਼ਿਆ।

ਅਨੰਦਪੁਰ ਦੀ ਰਾਜਧਾਨੀ ਬਿਲਾਸਪੁਰ ਸੀ, ਇੱਥੋਂ ਦਾ ਰਾਜਾ ਭੀਮ ਚੰਦ ਗੁਰੂ ਜੀ ਦੇ ਦਰਸ਼ਨ ਕਰਨ ਅਨੰਦਪੁਰ ਆਇਆ। ਗੁਰੂ ਜੀ ਨੇ ਉਸ ਨੂੰ ਪਸ਼ਮੀਨੇ ਦੀ ਬਣੀ ਚਾਨਣੀ ਹੇਠ ਬਿਠਾਇਆ ਅਤੇ ਅਸਾਮ ਦੇ ਰਾਜੇ ਦੀਆਂ ਦਿੱਤੀਆਂ ਸਾਰੀਆਂ ਸੁਗਾਤਾਂ ਵੀ ਉਸ ਨੂੰ ਦਿਖਾਈਆਂ।

ਜਦ ਭੀਮ ਚੰਦ ਨੇ ਗੁਰੂ ਜੀ ਦੀ ਸ਼ਾਨੋ-ਸ਼ੌਕਤ ਦੇਖੀ

ਤਾਂ ਉਸ ਦਾ ਮਨ ਈਰਖਾ ਨਾਲ ਭਰ ਗਿਆ। ਮੌਕਾ ਦੇਖ ਕੇ ਉਸ ਨੇ ਆਪਣੇ ਪੁੱਤਰ ਦੀ ਸ਼ਾਦੀ ਦੇ ਮੌਕੇ ਤੇ ਗੁਰੂ ਜੀ ਪਾਸੋਂ ਕਈ ਚੀਜ਼ਾਂ ਮੰਗ ਭੇਜੀਆਂ ਪਰ ਗੁਰੂ ਜੀ ਨੇ ਸੰਗਤ ਦੀ ਅਮਾਨਤ ਆਖ ਕੇ ਸਭ ਕੁਝ ਦੇਣ ਤੋਂ ਇਨਕਾਰ ਕਰ ਦਿੱਤਾ। ਇਹ ਸੁਣ ਕੇ ਰਾਜਾ ਭੀਮ ਚੰਦ ਗ਼ੁੱਸੇ ਨਾਲ ਭਰ ਗਿਆ ਅਤੇ ਲੜਾਈ ਕਰਨ ਲਈ ਉਤਾਰੂ ਹੋ ਗਿਆ। ਉਸ ਨੇ ਹੋਰ ਵੀ ਪਹਾੜੀ ਰਾਜਿਆਂ ਨੂੰ ਆਪਣੇ ਨਾਲ ਸ਼ਾਮਲ ਕਰ ਲਿਆ। ਫ਼ਤਹਿ ਸ਼ਾਹ ਜੋ ਉਸ ਦਾ ਕੁੜਮ ਸੀ, ਉਸ ਨੂੰ ਅੱਗੇ ਲਾ ਲਿਆ।

ਜਦ ਦਸਮੇਸ਼ ਜੀ ਨੂੰ ਖ਼ਬਰ ਪੁੱਜੀ ਤਾਂ ਉਨ੍ਹਾਂ ਨੇ ਸਿੱਖਾਂ ਤੇ ਪਠਾਣਾਂ ਨੂੰ ਲੜਾਈ ਲਈ ਤਿਆਰ ਰਹਿਣ ਦੇ ਸੰਦੇਸ਼ੇ ਭੇਜ ਦਿੱਤੇ। ਜਦ ਨਾਹਨ ਦੇ ਰਾਜੇ ਮੇਦਨੀ ਪ੍ਰਕਾਸ਼ ਨੂੰ ਪਤਾ ਲੱਗਾ ਕਿ ਭੀਮ ਚੰਦ ਗੁਰੂ ਜੀ ਨਾਲ ਵੈਰ ਕੰਮਾ ਰਿਹਾ ਹੈ ਤਾਂ ਉਸ ਨੇ ਗੁਰੂ ਜੀ ਨੂੰ ਨਾਹਨ ਆਉਣ ਦਾ ਸੱਦਾ ਭੇਜ ਦਿੱਤਾ। ਗੁਰੂ ਜੀ ਪਰਿਵਾਰ ਸਮੇਤ ਨਾਹਨ ਪੁੱਜ ਗਏ। ਗੁਰੂ ਜੀ ਨੇ ਨਾਹਨ (ਜੋ ਬੜੀ ਹੀ ਰਮਣੀਕ ਥਾਂ ਸੀ) ਜਾ ਕੇ ਇਕ ਕਿਲ੍ਹਾ ਬਣਵਾਇਆ, ਜਿਸ ਦਾ ਨਾਮ ਪਾਉਂਟਾ ਰੱਖਿਆ। ਇੱਥੇ ਬੈਠ ਕੇ ਗੁਰੂ ਜੀ ਨੇ ਬਹੁਤ ਸਾਰਾ ਸਾਹਿਤ ਰਚਿਆ।

ਆਪ ਜੀ ਨੇ ਆਪਣੇ ਦਰਬਾਰ ਵਿੱਚ 52 ਕਵੀ ਰੱਖੇ। ਜੋ ਨਿੱਤ ਨਵੀਆਂ ਕਵਿਤਾਵਾਂ ਸੁਣਾਉਂਦੇ ਸਨ। ਆਪ ਜੀ ਨੇ ਕੁਝ ਸਿੱਖਾਂ ਨੂੰ ਬਨਾਰਸ ਭੇਜਿਆ, ਉੱਥੇ ਉਹ ਉੱਥੋਂ ਦੇ ਪੰਡਤਾਂ ਪਾਸੋਂ ਸੰਸਕ੍ਰਿਤ ਵਿੱਦਿਆ ਸਿੱਖ ਕੇ ਆਏ। ਆਪ ਜੀ ਨੇ ਪੁਰਾਤਨ ਕਥਾਵਾਂ, ਦੇਵੀ ਤੇ ਦੈਂਤਾਂ ਦੇ ਯੁੱਧ ਜਿਨ੍ਹਾਂ ਵਿੱਚ ਜ਼ੁਲਮਾਂ ਵਿਰੁੱਧ ਆਵਾਜ਼ ਉਠਾਈ ਗਈ ਸੀ,ਉਨ੍ਹਾਂ ਨੂੰ ਨਵੇਂ ਸਿਰਿਓਂ ਉਜਾਗਰ ਕੀਤਾ। ਲੋਕਾਂ ਦੇ ਦਿਲਾਂ ਵਿੱਚ ਬੀਰ-ਰਸ ਭਰਿਆ।

ਗੁਰੂ ਜੀ ਦਾ ਸ਼ਾਹੀ ਠਾਠ-ਬਾਠ ਦੇਖ ਕੇ ਪਹਾੜੀ ਰਾਜੇ ਬਹੁਤ ਹੀ ਈਰਖਾ ਕਰਨ ਲੱਗ ਪਏ। 22 ਰਿਆਸਤਾਂ ਦੇ ਰਾਜੇ ਗੁਰੂ ਜੀ ਤੇ ਫ਼ੌਜਾਂ ਚਾੜ੍ਹ ਕੇ ਲੈ ਆਏ। ਪਾਉਂਟਾ ਤੋਂ 7 ਕੁ ਮੀਲ ਪੂਰਬ ਵੱਲ ਭੰਗਾਣੀ ਵਿਖੇ ਯਮੁਨਾ ਦੇ ਕੰਢੇ ਬੜਾ ਘਮਸਾਨ ਯੁੱਧ ਹੋਇਆ। ਇਸ ਯੁੱਧ ਵਿੱਚ ਆਪ ਜੀ ਦੀ ਭੂਆ ਬੀਬੀ ਵੀਰੋ ਜੀ ਦੇ ਸਪੁੱਤਰ ਸ੍ਰੀ ਸਾਂਗੋ ਸ਼ਾਹ ਤੇ ਸ੍ਰੀ ਜੀਤ ਮੱਲ ਜੀ ਸ਼ਹੀਦ ਹੋ ਗਏ। ਸੱਯਦ ਬੁੱਧੂ ਸ਼ਾਹ ਦੇ ਦੋ ਸਪੁੱਤਰ ਅਤੇ ਕਈ ਮੁਰੀਦ ਸ਼ਹੀਦ ਹੋ ਗਏ, ਪਰ ਜਿੱਤ ਦਸਮੇਸ਼ ਜੀ ਦੀ ਹੋਈ। ਗੁਰੂ ਜੀ ਨੇ ਜੋ ਰਾਜੇ ਹਾਰ ਗਏ ਸਨ, ਉਨ੍ਹਾਂ ਦੇ ਇਲਾਕੇ ਵਿੱਚ ਕਿਸੇ ਕਿਸਮ ਦੀ ਦਖ਼ਲ-ਅੰਦਾਜ਼ੀ ਨਹੀਂ ਕੀਤੀ। ਆਪ ਜੀ ਨੇ ਇਹ ਧਰਮ-ਯੁੱਧ ਕੀਤਾ।

ਭੰਗਾਣੀ ਦਾ ਯੁੱਧ ਜਿੱਤ ਕੇ ਗੁਰੂ ਜੀ ਅਨੰਦਪੁਰ ਆ ਗਏ। ਆਪ ਜੀ ਨੇ ਅਨੰਦਪੁਰ ਵਿਖੇ 6 ਕਿਲ੍ਹੇ ਉਸਾਰੇ ।ਸ੍ਰੀ ਕੇਸਗੜ੍ਹ, ਅਨੰਦਗੜ੍ਹ , ਲੋਹ ਗੜ੍ਹ , ਹੋਲ ਗੜ੍ਹ , ਨਿਰਮੋਹ ਗੜ੍ਹ ਅਤੇ ਫ਼ਤਹਿ ਗੜ੍ਹ।

ਸ੍ਰੀ ਕੇਸਗੜ੍ਹ ਵਿਖੇ ਹਜ਼ੂਰ ਸਵੇਰੇ-ਸ਼ਾਮ ਦੀਵਾਨ ਲਗਾਉਂਦੇ। ਕਥਾ-ਕੀਰਤਨ ਸੁਣਦੇ। ਸ਼ਬਦ-ਬਾਣੀ ਦੀ ਵਿਆਖਿਆ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ। ਇਕ ਦਿਨ ਬਨਾਰਸ ਦਾ ਇਕ ਵਿਦਵਾਨ ਪੰਡਤ ਕੇਸ਼ੋਦਾਸ ਅਨੰਦਪੁਰ ਸਾਹਿਬ ਆਇਆ। ਪਾਸ ਹੀ ਨੈਣਾਂ ਦੇਵੀ ਦੀ ਪਹਾੜੀ ਉੱਤੇ (ਹਵਨ) ਯੱਗ ਕਰਨ ਲਈ ਦਸਮੇਸ਼ ਜੀ ਤੋਂ ਸਮੱਗਰੀ ਮੰਗੀ ਤੇ ਕਿਹਾ, 'ਚੰਡੀ ਦੇਵੀ ਪ੍ਰਗਟ ਹੋਵੇਗੀ।

ਗੁਰੂ ਜੀ ਨੇ ਪੰਡਤ ਨੂੰ ਸਮੱਗਰੀ ਮੰਗਵਾ ਦਿੱਤੀ। ਪੰਡਤ ਫਿਰ ਕਹਿਣ ਲੱਗਾ, 'ਹਵਨ ਲਈ ਦੇਵੀ ਤਦੇ ਹੀ ਖ਼ੁਸ਼ ਹੋ ਸਕੇਗੀ ਜੇ ਕੋਈ ਮਹਾਨ ਵਿਅਕਤੀ ਬਲੀ ਦੇਵੇ।' ਗੁਰੂ ਸਾਹਿਬ ਹਸ ਕੇ ਬੋਲੇ, ਪੰਡਤ ਜੀ ਆਪ ਤੋਂ ਜ਼ਿਆਦਾ ਮਹਾਨ ਹੋਰ ਕੌਣ ਹੋ ਸਕਦਾ ਹੈ, ਆਪ ਆਪਣੇ ਸੀਸ ਦੀ ਬਲੀ ਦੇ ਦਿਓ।

ਇਹ ਸੁਣ ਕੇ ਪੰਡਤ ਘਬਰਾ ਗਿਆ ਅਤੇ ਹਵਨ ਵਿੱਚੇ ਛੱਡ ਕੇ ਰਾਤੋ-ਰਾਤ ਨੱਸ ਗਿਆ । ਗੁਰੂ ਜੀ ਨੇ ਸਾਰੀ ਸਮੱਗਰੀ ਇੱਕੋ ਵਾਰ ਹਵਨ-ਕੁੰਡ ਵਿੱਚ ਸੁੱਟ ਦਿੱਤੀ। ਬਹੁਤ ਉੱਚੀਆਂ ਲਾਟਾਂ ਨਿਕਲੀਆਂ। ਆਪਣੀ ਤਲਵਾਰ ਮਿਆਨ ਵਿੱਚੋਂ ਕੱਢ ਕੇ ਲਲਕਾਰ ਕੇ ਬੋਲੇ- 'ਇਹੀ ਚੰਡੀ ਹੈ, ਇਹੀ ਭਗਵਤੀ ਹੈ, ਇਹੀ ਤੁਹਾਡੀ ਸਹਾਇਤਾ ਕਰੇਗੀ। ਆਓ, ਇਸ ਦਾ ਸਤਿਕਾਰ ਕਰੋ, ਜੋ ਜ਼ੁਲਮ ਵਿਰੁੱਧ ਮੈਦਾਨੇ-ਜੰਗ ਵਿੱਚ ਵੈਰੀਆਂ ਦੇ ਆਹੂ ਲਾਹੁੰਦੀ ਹੈ ਤੇ ਗ਼ਰੀਬਾਂ, ਮਜ਼ਲੂਮਾਂ ਦੀ ਰੱਖਿਆ ਕਰਦੀ ਆਈ ਹੈ।'

ਹੁਣ ਦਸਮੇਸ਼ ਪਿਤਾ ਨੇ ਖ਼ਾਲਸਾ ਪੰਥ ਦੀ ਸਾਜਨਾ ਕਰਨ ਦਾ ਨਿਰਣਾ ਕਰ ਲਿਆ। ਸੰਨ 1699 ਦੀ ਵਿਸਾਖੀ ਵਾਲੇ ਦਿਨ ਗੁਰੂ ਜੀ ਨੇ ਬੜਾ ਭਾਰੀ ਜੋੜ-ਮੇਲਾ ਕੀਤਾ। ਸ੍ਰੀ ਕੇਸਗੜ੍ਹ ਸਾਹਿਬ ਵਿਖੇ ਇਕ ਵੱਡੀ ਕਨਾਤ ਲਗਵਾ ਦਿੱਤੀ। ਗੁਰੂ ਜੀ ਨੇ ਇਕ ਅਦਭੁੱਤ ਕੌਤਕ ਰਚਿਆ। ਦੀਵਾਨ ਦੀ ਸਮਾਪਤੀ ਉਪਰੰਤ ਆਪ ਮਿਆਨ ਵਿੱਚੋਂ ਤਲਵਾਰ ਕੱਢ ਕੇ ਸੰਗਤਾਂ ਸਾਹਮਣੇ ਸਟੇਜ ਤੇ ਖੜ੍ਹੇ ਹੋ ਗਏ ਤੇ ਲਲਕਾਰ ਕੇ ਬੋਲੇ, 'ਸਾਨੂੰ ਇਕ ਸੀਸ ਚਾਹੀਦਾ ਹੈ।'

ਦਸਮੇਸ਼ ਜੀ ਦੇ ਮੁਖਾਰਬਿੰਦ ਤੋਂ ਇਹ ਬਚਨ ਸੁਣ ਕੇ ਸਭ ਨੇ ਨੀਵੀਂਆਂ ਪਾ ਲਈਆਂ। ਗੁਰੂ ਜੀ ਨੇ ਦੂਜੀ ਵਾਰ ਇਹੀ ਵਾਕ ਫਿਰ ਦੁਹਰਾਇਆ। ਲਾਹੌਰ ਨਿਵਾਸੀ ਭਾਈ ਦਯਾ ਰਾਮ ਜੀ ਖੱਤਰੀ ਉਠੇ,ਹੱਥ ਜੋੜ ਸੀਸ ਹਾਜ਼ਰ ਕੀਤਾ। ਗੁਰੂ ਜੀ ਉਸ ਨੂੰ ਬਾਂਹ ਫੜ ਕੇ ਕਨਾਤ ਅੰਦਰ ਲੈ ਗਏ। ਥੋੜ੍ਹੀ ਦੇਰ ਬਾਦ ਲਹੂ ਨਾਲ ਲਿੱਬੜੀ ਤਲਵਾਰ ਲੈ ਕੇ ਫਿਰ ਸੰਗਤਾਂ ਸਾਹਮਣੇ ਆ ਖਲੋਤੇ। 'ਇਕ ਸੀਸ ਹੋਰ ਚਾਹੀਦਾ ਹੈ।' ਤਾਂ ਧਰਮ ਚੰਦ ਜੀ ਝੱਟ ਉੱਠ ਖਲੋਤੇ ਗੁਰੂ ਜੀ ਉਸ ਨੂੰ ਵੀ ਕਨਾਤ ਅੰਦਰ ਲੈ ਗਏ। ਤੀਜੀ ਵਾਰ ਫਿਰ ਉਹੀ ਮੰਗ। ਹੁਣ ਭਾਈ ਹਿੰਮਤ ਰਾਇ ਜੀ ਅੱਗੇ ਹੋਏ। ਚੌਥੀ ਵਾਰ ਭਾਈ ਮੋਹਕਮ ਚੰਦ ਜੀ ਦੁਆਰਕਾ ਦੇ ਰਹਿਣ ਵਾਲੇ ਨੇ ਅਪਣਾ ਸੀਸ ਗੁਰੂ ਜੀ ਅੱਗੇ ਅਰਪਣ ਕਰ ਦਿੱਤਾ। ਪੰਜਵੀਂ ਵਾਰ ਸਾਹਿਬ ਚੰਦ ਜੀ, ਜੋ ਬਿਦਰ ਨਿਵਾਸੀ ਸਨ, ਨੇ ਆਪਣਾ ਸੀਸ ਭੇਂਟ ਕੀਤਾ।

ਹੁਣ ਗੁਰੂ ਜੀ ਆਪ ਕਨਾਤ ਅੰਦਰ ਚਲੇ ਗਏ-ਕੁਝ ਦੇਰ ਬਾਦ ਪੰਜਾਂ ਨੂੰ ਇਸ਼ਨਾਨ ਕਰਾ ਕੇ, ਨਵੇਂ ਕੇਸਰੀ ਬਸਤਰ ਪੁਆ ਕੇ ਸੰਗਤਾਂ ਸਾਹਮਣੇ ਲਿਆ ਖੜ੍ਹਾ ਕੀਤਾ। ਬੀਰ-ਰਸੀ ਆਵਾਜ਼ ਵਿਚ ਲਲਕਾਰ ਕੇ ਐਲਾਨ ਕੀਤਾ-ਇਹ ਪੰਜ ਪਿਆਰੇ ਹੋਣਗੇ।

ਦਸਮੇਸ਼ ਜੀ ਨੇ ਲੋਹੇ ਦੇ ਬਾਟੇ ਵਿੱਚ ਜਲ ਪਾ ਕੇ ਪੰਜਾਂ ਬਾਣੀਆਂ ਦਾ ਪੰਜ ਵਾਰੀ ਪਾਠ ਕੀਤਾ ਤੇ ਖੰਡ ਨਾਲ ਜਲ ਹਿਲਾਉਂਦੇ ਰਹੇ। ਮਾਤਾ ਜੀਤੋ ਜੀ ਨੇ ਪਤਾਸੇ ਪਾ ਦਿੱਤੇ, ਇੰਜ ਅੰਮ੍ਰਿਤ ਤਿਆਰ ਹੋਇਆ। ਉਨ੍ਹਾਂ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਗਿਆ।

ਸਿੱਖ ਤੋਂ ਸਿੰਘ ਬਣਾ ਦਿੱਤਾ। ਫਿਰ ਅੰਮ੍ਰਿਤ ਦੇ ਦਾਤੇ ਦਸਮੇਸ਼ ਜੀ ਨੇ ਪੰਜਾਂ ਪਾਸੋਂ ਅੰਮ੍ਰਿਤ ਦੀ ਜਾਚਨਾ ਕੀਤੀ ਆਪ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਬਣੇ ਅਤੇ ਬਚਨ ਕੀਤਾ: ਖ਼ਾਲਸੇ ਮਹਿ ਹੌ ਕਰੋ ਨਿਵਾਸ॥

ਇਸ ਤਰ੍ਹਾਂ ਖ਼ਾਲਸਾ ਪੰਥ ਸਾਜ਼ ਕੇ, ਰਹਿਤ ਮਰਿਆਦਾ ਦੱਸੀ-ਪੰਜ ਕਕਾਰ ਰੱਖਣੇ; ਕੱਛਾ, ਕੜਾ, ਕਿਰਪਾਨ, ਕੇਸ, ਕੰਘਾ। ਪੰਜਾਂ ਬਾਣੀਆਂ ਦਾ ਪਾਠ ਕਰਨਾ, ਕਿਸੇ ਦੇਵੀ-ਦੇਵਤਾ ਜਾਂ ਮੂਰਤੀ ਦੀ ਪੂਜਾ ਨਹੀਂ ਕਰਨੀ। ਕਰਮ-ਕਾਂਡ ਦਾ ਖੰਡਨ ਕਰਨਾ ਅਤੇ ਇਕ ਅਕਾਲ-ਪੁਰਖ ਤੇ ਭਰੋਸਾ ਰੱਖਣਾ।

ਜਾਗਤ ਜੋਤਿ ਜਪੈ ਨਿਸ ਬਾਸੁਰ
ਏਕੁ ਬਿਨਾ ਮਨ ਨੈਕ ਨ ਆਨੈ॥
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ
ਗੋਰ ਮੜੀ ਮਠ ਭੂਲ ਨ ਮਾਨੈ॥
ਤੀਰਥ ਦਾਨ ਦਇਆ ਤਪ ਸੰਜਮ
ਏਕ ਬਿਨਾ ਨਹਿ ਏਕ ਪਛਾਨੈ॥
ਪੂਰਨ ਜੋਤ ਜਗੈ ਘਟ ਮੈ ਤਬ
ਖਾਲਸ ਤਾਹਿ ਨ ਖਾਲਸ ਜਾਨੈ॥

ਖੰਡੇ ਦਾ ਅੰਮ੍ਰਿਤ ਛਕਣ ਨਾਲ ਇਕ ਇਨਕਲਾਬ ਜਿਹਾ ਆ ਗਿਆ। ਉੱਚੀਆਂ ਜ਼ਾਤਾਂ ਵਾਲੇ ਖੱਤਰੀ ਅਤੇ ਬ੍ਰਾਹਮਣ ਕਿਵੇਂ ਬਰਦਾਸ਼ਤ ਕਰ ਸਕਦੇ ਸਨ ਕਿ ਜ਼ਾਤ-ਪਾਤ, ਉਚ-ਨੀਚ ਦੇ ਭਿੰਨ-ਭੇਦ ਮਿਟਾ ਦਿਤੇ ਜਾਣ। ਉਨ੍ਹਾਂ ਨੂੰ ਹਰ ਵੇਲੇ ਚਿੰਤਾ ਬਣੀ ਰਹਿੰਦੀ। 22 ਰਿਆਸਤਾਂ ਦੇ ਮਾਲਕ ਜਿਨ੍ਹਾਂ ਨੂੰ 22 ਧਾਰ ਦੇ ਰਾਜੇ ਕਿਹਾ ਜਾਂਦਾ ਹੈ- ਉਹ ਗੁਰੂ ਜੀ ਨਾਲ ਅੰਦਰੋਂ-ਅੰਦਰੀਂ ਈਰਖਾ ਕਰਦੇ ਰਹੇ।

ਦਸਮੇਸ਼ ਜੀ ਨੇ ਵਿਸਾਖੀ ਦੇ ਮੌਕੇ ਤੇ ਸੰਮਤ 1757 ਵਿੱਚ ਰਵਾਲਸਰ ਗਏ, ਉਥੇ ਪਹਾੜੀ ਰਾਜੇ ਵੀ ਆਏ ਹੋਏ ਸਨ। ਗੁਰੂ ਜੀ ਨੇ ਪਹਾੜੀ ਰਾਜਿਆਂ ਨਾਲ ਦੇਸ਼, ਕੌਮ ਦੇ ਸੁਧਾਰ ਲਈ ਗੱਲ-ਬਾਤ ਅਰੰਭੀ, ਆਪਣੇ ਆਸ਼ੇ ਉਨ੍ਹਾਂ ਨੂੰ ਸਮਝਾਏ, ਪਰ ਉਨ੍ਹਾਂ ਦੇ ਮਨ ਤਾਂ ਈਰਖਾ ਨਾਲ ਭਰੇ ਪਏ ਸਨ। ਇਕ ਦਿਨ ਗੁਰੂ ਸਾਹਿਬ ਥੋੜੇ ਜਿਹੇ ਸਿੱਖਾਂ ਨੂੰ ਨਾਲ ਲੈ ਕੇ ਸ਼ਿਕਾਰ ਖੇਡ ਰਹੇ ਸਨ, ਜਦੋਂ ਕੁਝ ਪਹਾੜੀ ਰਾਜਿਆਂ ਨੇ ਗੁਰੂ ਜੀ ਤੇ ਹਮਲਾ ਕਰ ਦਿੱਤਾ। ਦਸਮੇਸ਼ ਜੀ ਦੇ ਸੂਰਬੀਰਾਂ ਨੇ ਚੰਗੇ ਹੱਥ ਵਿਖਾਏ। ਰਾਜੇ ਮੂੰਹ ਦੀ ਖਾਂਦੇ ਹੋਏ ਨੱਸ ਗਏ।

ਹੁਣ ਪਹਾੜੀ ਰਾਜੇ ਮੁਗ਼ਲ ਹਕੂਮਤ ਦਾ ਸਹਾਰਾ ਲੈ ਕੇ ਗੁਰੂ ਜੀ ਨਾਲ ਲੜਾਈ ਕਰਨਾ ਚਾਹੁੰਦੇ ਸਨ। ਮੁਗ਼ਲ ਹਕੂਮਤ ਤਾਂ ਅੱਗੇ ਹੀ ਤਿਆਰ ਸੀ, ਕਿਵੇਂ ਗੁਰੂ ਜੀ ਦਾ ਅਤੇ ਸਿੱਖ ਕੌਮ ਦਾ ਨਾਮੋ-ਨਿਸ਼ਾਨ ਮਿਟਾਇਆ ਜਾਵੇ। ਰਾਜਿਆਂ ਨੇ ਸਰਹਿੰਦ ਦੇ ਨਵਾਬ ਵਜ਼ੀਰ ਖ਼ਾਨ ਨੂੰ ਚਿੱਠੀ ਲਿਖੀ, 'ਸ਼ਾਹੀ ਫ਼ੌਜ ਨਾਲ ਹੀ ਗੁਰੂ ਜੀ ਦਾ ਮੁਕਾਬਲਾ ਕੀਤਾ ਜਾ ਸਕਦਾ ਹੈ।' ਸਰਹਿੰਦ ਦੇ ਨਵਾਬ ਵਜ਼ੀਰ ਖਾਂ ਨੇ ਬਹੁਤ ਸਾਰੀ ਫ਼ੌਜ ਭੇਜ ਦਿੱਤੀ। ਪਹਾੜੀ ਰਾਜਿਆਂ ਨੇ ਆਪਣੀ ਫ਼ੌਜ ਵੀ ਸ਼ਾਮਲ ਕਰ ਲਈ। ਦੋਹਾਂ ਫ਼ੌਜਾਂ ਨੇ ਮਿਲ ਕੇ ਸ੍ਰੀ ਅਨੰਦਪੁਰ ਸਾਹਿਬ ਤੇ ਹਮਲਾ ਕਰ ਦਿੱਤਾ।

ਇੱਧਰ ਸਿੱਖ ਆਟੇ ਵਿੱਚ ਲੂਣ ਬਰਾਬਰ ਸਨ। ਬੜਾ ਭਾਰੀ ਯੁੱਧ ਹੋਇਆ। ਇਸ ਵਾਰੀ ਵੀ ਜਿੱਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਾਬਤ ਹੋਈ। ਹੁਣ ਪਹਾੜੀ ਰਾਜਿਆਂ ਨੇ ਅਨੰਦਪੁਰ ਸਾਹਿਬ ਨੂੰ ਚੋਹਾਂ ਪਾਸਿਆਂ ਤੋਂ ਘੇਰ ਲਿਆ। ਅੰਦਰ ਰਸਦ-ਪਾਣੀ ਜਾਣੋ ਬੰਦ ਹੋ ਗਿਆ। ਗੁਰੂ ਜੀ ਦੇ

ਸਿਦਕੀ ਸਿੱਖਾਂ ਨੇ ਦਰਖਤਾਂ ਦੇ ਪੱਤੇ ਖਾ-ਖਾ ਕੇ ਗੁਜ਼ਾਰਾ ਕੀਤਾ।

ਹੁਣ ਪਹਾੜੀ ਰਾਜਿਆਂ ਨੂੰ ਇਹ ਵਿਸ਼ਵਾਸ ਹੋ ਚੁੱਕਿਆ ਸੀ ਕਿ ਉਹ ਗੁਰੂ ਜੀ ਨੂੰ ਕਿਸੇ ਤਰ੍ਹਾਂ ਵੀ ਹਰਾ ਨਹੀਂ ਸਕਦੇ। ਉਨ੍ਹਾਂ ਦਿੱਲੀ ਦੇ ਹੁਕਮਰਾਨ ਔਰੰਗਜ਼ੇਬ ਨੂੰ ਗੁਰੂ ਜੀ ਦੇ ਵਿਰੁੱਧ ਭੜਕਾਉਣਾ ਸ਼ੁਰੂ ਕਰ ਦਿੱਤਾ ਅਤੇ ਸ਼ਾਹੀ ਫ਼ੌਜ ਦੀ ਸਹਾਇਤਾ ਮੰਗੀ। ਔਰੰਗਜ਼ੇਬ ਉਸ ਸਮੇਂ ਦੱਖਣ ਵਿੱਚ ਸੀ। ਉਸ ਨੇ ਸੂਬਾ ਸਰਹਿੰਦ ਤੇ ਸੂਬਾ ਲਾਹੌਰ ਨੂੰ ਸੁਨੇਹਾ ਭੇਜਿਆ- ਜਲਦੀ ਤੋਂ ਜਲਦੀ ਗੁਰੂ ਜੀ ਤੇ ਹਮਲਾ ਕੀਤਾ ਜਾਵੇ।

ਬਾਦਸ਼ਾਹ ਦਾ ਹੁਕਮ ਮੰਨ ਕੇ ਲਾਹੌਰ ਅਤੇ ਸਰਹਿੰਦ ਤੋਂ ਸ਼ਾਹੀ ਫ਼ੌਜ ਅਤੇ ਬਾਈ ਧਾਰ ਦੇ ਰਾਜੇ, ਸਭ ਨੇ ਇਕੱਠੇ ਹੋ ਕੇ ਅਨੰਦਪੁਰ ਤੇ ਚੜ੍ਹਾਈ ਕਰ ਦਿੱਤੀ। ਸਿੱਖਾਂ ਦੀ ਗਿਣਤੀ ਮਾਮੂਲੀ ਅਤੇ ਦੂਜੇ ਪਾਸੇ ਲੱਖਾਂ ਦੀ ਫ਼ੌਜ ਸੀ। ਬੜਾ ਭਿਆਨਕ ਯੁੱਧ ਹੋਇਆ। ਖ਼ਾਲਸਾ ਫ਼ੌਜ ਨੇ ਬੜੀ ਬੀਰਤਾ ਨਾਲ ਸ਼ਾਹੀ ਫ਼ੌਜਾਂ ਦਾ ਮੁਕਾਬਲਾ ਕੀਤਾ। ਰਾਜਿਆਂ ਨੇ ਗੁਰੂ ਜੀ ਨੂੰ ਕਿਲੇ ਤੋਂ ਬਾਹਰ ਕੱਢਣ ਦੀ ਵਿਉਂਤ ਸੋਚੀ ਅਤੇ ਗੁਰੂ ਜੀ ਵਲ ਚਿੱਠੀ ਭੇਜੀ, 'ਅਸੀਂ ਗਊ ਮਾਤਾ ਦੀ ਸਹੁੰ ਚੁੱਕਦੇ ਹਾਂ, ਤੁਸੀਂ ਅਨੰਦਪੁਰ ਦਾ ਕਿਲ੍ਹਾ ਖ਼ਾਲੀ ਕਰ ਦਿਓ, ਜਿੱਥੇ ਜਾਣਾ ਚਾਹੋ ਜਾ ਸਕਦੇ ਹੋ। ਗੁਰੂ ਜੀ ਉਨ੍ਹਾਂ ਦੀਆਂ ਚਾਲਾਂ ਨੂੰ ਸਮਝਦੇ ਸਨ, ਫਿਰ ਵੀ ਗੁਰੂ ਜੀ ਨੇ ਆਪਣੇ ਸਿੱਖਾਂ ਨਾਲ ਮਸ਼ਵਰਾ ਕੀਤਾ। ਸਿੱਖ ਭੁੱਖ ਦੇ ਹੱਥੋਂ ਆਤੁਰ ਹੋ ਚੁੱਕੇ ਸਨ। 'ਸਿੱਖਾਂ ਦੀ ਵੀ ਹੁਣ ਇਹੀ ਰਾਇ ਸੀ ਕਿ ਕਿਲ੍ਹਾ ਖਾਲੀ ਕਰ ਦਿੱਤਾ ਜਾਵੇ। ਗੁਰੂ ਜੀ ਨੇ ਭਾਈ ਗੁਰਬਖ਼ਸ਼ ਉਦਾਸੀ ਨੂੰ ਗੁਰੂ ਅਸਥਾਨਾਂ ਦੀ ਸੇਵਾ ਸੌਂਪ ਕੇ ਅੱਧੀ ਰਾਤ ਵੇਲੇ ਕਿਲ੍ਹਾ ਖ਼ਾਲੀ ਕਰਕੇ ਰੋਪੜ ਵਲ ਚਾਲੇ ਪਾ ਦਿਤੇ। ਜਦ ਵੈਰੀਆਂ ਨੂੰ ਪਤਾ ਲਗਾ ਉਨ੍ਹਾਂ ਸਾਰੀਆਂ ਸਹੁੰਆਂ ਭੁੱਲ-ਭੁਲਾ ਕੇ ਕਿਲੇ ਤੇ ਹੱਲਾ ਬੋਲ ਦਿੱਤਾ।

ਸਿਰਸਾ ਨਦੀ ਦੇ ਕਿਨਾਰੇ ਤੇ ਬੜਾ ਘਮਸਾਨ ਯੁੱਧ ਹੋਇਆ। ਸਾਰੀ ਰਾਤ ਤੋਪਾਂ ਅਤੇ ਤੀਰਾਂ ਨਾਲ ਯੁੱਧ ਹੁੰਦਾ ਰਿਹਾ। ਕਈ ਸਿੰਘ ਰਣਭੂਮੀ ਵਿੱਚ ਸ਼ਹੀਦ ਹੋ ਗਏ। ਪਰ ਧੰਨ ਗੁਰੂ ਗੋਬਿੰਦ ਸਿੰਘ ਜੀ ਅੰਮ੍ਰਿਤ ਵੇਲੇ ਦੀਵਾਨ ਲਗਾ ਕੇ 'ਆਸਾ ਦੀ ਵਾਰ' ਦਾ ਕੀਰਤਨ ਸੁਣਿਆ, ਫਿਰ ਸਰਸਾ ਨਦੀ ਪਾਰ ਕੀਤੀ। ਇੱਥੇ ਆਪ ਜੀ ਦਾ ਪਰਿਵਾਰ ਨਾਲ ਵਿਛੋੜਾ ਪੈ ਗਿਆ। ਮਾਤਾ ਗੁਜਰੀ ਜੀ ਅਤੇ 2 ਛੋਟੇ ਸਾਹਿਬਜ਼ਾਦੇ ਗੰਗੂ ਬ੍ਰਾਹਮਣ ਆਪਣੇ ਪਿੰਡ ਖੇੜੀ ਲੈ ਗਿਆ। ਗੁਰੂ ਜੀ ਰੋਪੜ ਵਾਲੇ ਪਾਸੇ ਚੱਲ ਪਏ। ਉੱਥੇ ਮਾਤਾ ਸੁੰਦਰੀ ਜੀ ਅਤੇ ਸਾਹਿਬ ਦੇਵਾਂ ਜੀ ਨੂੰ ਭਾਈ ਮਨੀ ਸਿੰਘ ਨਾਲ ਦਿੱਲੀ ਭੇਜ ਦਿੱਤਾ। ਗੁਰੂ ਜੀ ਵੱਡੇ ਦੋਨੋ ਸਾਹਿਬਜ਼ਾਦੇ ਅਤੇ 40 ਸਿੰਘਾਂ ਨੂੰ ਨਾਲ ਲੈ ਕੇ ਚਮਕੌਰ ਜਾ ਕੇ ਕੱਚੀ ਗੜ੍ਹੀ ਵਿੱਚ ਡੇਰਾ ਲਾ ਲਿਆ।

ਪਿੱਛੋਂ ਫ਼ੌਜਾਂ ਵੀ ਉੱਥੇ ਪਹੁੰਚ ਗਈਆਂ। ਫ਼ੌਜ ਦੀ ਗਿਣਤੀ ਗੁਰੂ ਸਾਹਿਬ 'ਜ਼ਫ਼ਰਨਾਮੇ' ਵਿੱਚ 10 ਲੱਖ ਦੱਸਦੇ ਹਨ। ਇਨ੍ਹਾਂ 40 ਸਿੰਘਾਂ ਨੇ ਸ਼ਾਹੀ ਫ਼ੌਜਾਂ ਦਾ ਡਟ ਕੇ ਮੁਕਾਬਲਾ ਕੀਤਾ। ਇੱਥੇ ਹੀ ਦੋਵੇਂ ਵੱਡੇ ਸਾਹਿਬਜ਼ਾਦੇ ਸਾਹਿਬ ਅਜੀਤ ਸਿੰਘ ਜੀ ਅਤੇ ਸਾਹਿਬ ਜੁਝਾਰ ਸਿੰਘ ਜੀ ਨੇ ਸ਼ਹੀਦੀ ਪਾਈ। ਕਲਗ਼ੀਆਂ ਵਾਲੇ ਸਾਹਮਣੇ ਦੇਖਦੇ ਰਹੇ। ਗੁਰੂ ਸਾਹਿਬ ਨੇ ਅੱਖਾਂ ਵਿੱਚੋਂ ਹੰਝੂ ਨਹੀਂ ਕੇਰੇ ਸਗੋਂ ਅਕਾਲ-ਪੁਰਖ ਦੇ ਸ਼ੁਕਰਾਨੇ ਨਾਲ ਭਰ ਆਈਆਂ। ਸੋ ਇਸ ਤਰ੍ਹਾਂ ਜਗਤ-ਤਮਾਸ਼ੇ ਨੂੰ ਦੇਖਣ ਵਾਲੇ ਵਿਲੱਖਣ ਗੁਰੂ ਸਾਹਿਬ ਜੀ ਨੇ ਕਰਤਾਰ ਦੇ ਭਾਣੇ ਨੂੰ ਸਵੀਕਾਰ ਕੀਤਾ।

ਗੜ੍ਹੀ ਵਿੱਚ ਸ਼ਾਹੀ ਫ਼ੌਜ ਨਾਲ ਜੂਝਦੇ 35 ਸਿੰਘ ਸ਼ਹੀਦ ਹੋ ਗਏ। ਬਾਕੀ ਪੰਜਾਂ ਨੇ ਦਸਮੇਸ਼ ਜੀ ਨੂੰ ਬੇਨਤੀ ਕੀਤੀ, 'ਸੱਚੇ ਪਾਤਸ਼ਾਹ! ਤੁਸੀਂ ਕਿਲ੍ਹਾ ਛੱਡ ਕੇ ਚਲੇ ਜਾਓ। ਦਸਮੇਸ਼ ਜੀ ਗੜ੍ਹੀ ਛੱਡ ਕੇ ਜਾਣਾ ਨਹੀਂ ਸੀ ਚਾਹੁੰਦੇ ਪਰ ਪੰਜਾਂ ਨੇ ਪੰਥ ਰੂਪ ਵਿੱਚ ਹੋ ਕੇ ਹੁਕਮ ਜਾਰੀ ਕੀਤਾ ਤੁਸੀਂ ਚਲੇ ਜਾਓ। ਅਗਰ ਤੁਸੀਂ ਹੋਵੋਗੇ ਲੱਖਾਂ ਸਿੰਘ ਹੋਰ ਬਣ ਸਕਣਗੇ, ਅਸੀਂ ਲੱਖਾਂ ਹੋ ਕੇ ਵੀ ਤੁਹਾਡੇ ਵਰਗਾ ਗੁਰੂ ਨਹੀਂ ਲੱਭ ਸਕਾਂਗੇ।' ਸੋ ਗੁਰੂ ਜੀ ਨੇ ਪੰਜਾਂ ਦਾ ਹੁਕਮ ਮੰਨ ਕੇ ਆਪਣੀ ਕਲਗ਼ੀ ਭਾਈ ਸੰਤ ਸਿੰਘ ਜੀ ਦੇ ਸਿਰ ਤੇ ਸਜਾ ਦਿੱਤੀ ਅਤੇ ਆਪ ਤਾੜੀ ਮਾਰ ਕੇ ਉਚੀ ਆਵਾਜ਼ ਵਿੱਚ ਬੋਲੇ- 'ਗੁਰੂ ਜਾ ਰਿਹਾ ਜੇ।'

ਇਹ ਵਾਕ ਸੁਣ ਕੇ ਫ਼ੌਜਾਂ ਵਿੱਚ ਭਗਦੜ ਮੱਚ ਗਈ ਅਤੇ ਉਹ ਹਨੇਰੇ ਵਿੱਚ ਆਪਸ ਵਿੱਚ ਹੀ ਲੜਨ-ਮਰਨ ਲੱਗੇ। ਆਪ ਜੀ ਸਫ਼ਰ ਕਰਦੇ-ਕਰਦੇ ਮਾਛੀਵਾੜੇ ਦੇ ਜੰਗਲ ਜਾ ਪੁੱਜੇ। ਉਸ ਸਮੇਂ ਆਪ ਜੀ ਦੇ ਪਾਸ ਨਾ ਬਾਜ ਸੀ, ਨਾ ਤਾਜ ਸੀ, ਨਾ ਘੋੜਾ ਸੀ ਨਾ ਜੋੜਾ ਸੀ- ਪੈਰੋਂ ਨੰਗੇ ਤੁਰਦੇ-ਤੁਰਦੇ ਆਪ ਜੀ ਦੇ ਕੋਮਲ ਚਰਨਾਂ ਤੇ ਛਾਲੇ ਪੈ ਗਏ। ਤਨ ਤੇ ਪਹਿਨਿਆ ਹੋਇਆ ਜਾਮਾ ਵੀ ਲੀਰੋ-ਲੀਰ ਹੋ ਗਿਆ। ਦੀਨ-ਦੁਨੀਆ ਦੇ ਪਾਤਸ਼ਾਹ ਅੱਜ ਢੀਮਾਂ ਦਾ ਸਿਰਹਾਣਾ ਰੱਖ ਕੇ ਮਾਛੀਵਾੜੇ ਦੇ ਜੰਗਲ ਵਿੱਚ ਥਕੇਵਾਂ ਲਾਹੁਣ ਲਈ ਸੌਂ ਰਹੇ ਸਨ। ਉੱਥੇ ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ ਅਤੇ ਭਾਈ ਮਾਨ ਸਿੰਘ ਜੀ ਆਪ ਜੀ ਨੂੰ ਆਣ ਮਿਲੇ। ਉਨ੍ਹਾਂ ਨੇ ਆਣ ਦੱਸਿਆ ਕਿ ਫ਼ੌਜਾਂ ਪਿੱਛਾ ਕਰ ਰਹੀਆਂ ਹਨ।

ਗੁਰੂ ਜੀ ਦੇ ਚਰਨਾਂ ਤੇ ਛਾਲੇ ਪਏ ਹੋਏ ਸਨ। ਇਸ ਲਈ ਭਾਈ ਮਾਨ ਸਿੰਘ ਜੀ ਆਪ ਜੀ ਨੂੰ ਚੁੱਕ ਕੇ ਇਕ ਖੂਹ ਤੇ ਲੈ ਗਏ। ਉੱਥੇ ਆਪ ਜੀ ਨੇ ਇਸ਼ਨਾਨ ਕੀਤਾ ਤੇ ਜਲ ਛਕਿਆ। ਉੱਥੇ ਹੁਣ ਗੁਰਦੁਆਰਾ 'ਚਰਨ ਕੰਵਲ ਸਾਹਿਬ' ਸੁਸ਼ੋਭਿਤ ਹੈ। ਇੱਥੇ ਇਕ ਮਸੰਦ ਗੁਲਾਬਾ ਰਹਿੰਦਾ ਸੀ, ਉਹ ਗੁਰੂ ਜੀ ਨੂੰ ਆਪਣੇ ਘਰ ਲੈ ਗਿਆ। ਉਸ ਨੇ ਆਪ ਜੀ ਦੀ ਬੜੀ ਸੇਵਾ ਕੀਤੀ। ਕੁੱਝ ਦਿਨ ਗੁਰੂ ਜੀ ਉੱਥੇ ਟਿਕੇ ਰਹੇ।

ਮਾਛੀਵਾੜੇ ਵਿੱਚ ਹੀ ਦੋ ਪਠਾਣ ਗ਼ਨੀ ਖਾਂ, ਨਬੀ ਖਾਂ ਸਨ। ਉਹ ਸਾਹਿਬਾਂ ਪਾਸ ਨੌਕਰ ਰਹਿ ਚੁੱਕੇ ਸਨ। ਜਦ ਉਨ੍ਹਾਂ ਨੂੰ ਪਤਾ ਲੱਗਿਆ ਤਾਂ ਦੋਵੇਂ ਭਰਾ ਸਾਹਿਬਾਂ ਦੇ ਦੀਦਾਰ ਕਰਨ ਲਈ ਆਏ। ਉਨ੍ਹਾਂ ਦੀ ਬੇਨਤੀ ਮੰਨ ਕੇ ਸਤਿਗੁਰੂ ਜੀ ਨੇ ਨੀਲੇ ਬਸਤਰ ਪਹਿਨ ਲਏ ਅਤੇ ਕੇਸ ਖੋਲ੍ਹ ਕੇ ਪਿੱਛੇ ਸੁਟ ਲਏ ਅਤੇ ਇਕ ਪਾਲਕੀ ਵਿੱਚ ਬੈਠ ਗਏ। ਗ਼ਨੀ ਖਾਂ, ਨਬੀ ਖਾਂ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਨੇ ਮੋਢਿਆਂ ਉੱਤੇ ਪਾਲਕੀ ਚੁੱਕ ਲਈ। ਭਾਈ ਦਇਆ ਸਿੰਘ ਜੀ ਪਿੱਛੇ ਚੌਰ ਕਰਦੇ ਰਹੇ। ਇਸ ਤਰ੍ਹਾਂ ਉੱਚ ਦੇ ਪੀਰ ਬਣ ਕੇ ਮਾਛੀਵਾੜੇ ਦੇ ਜੰਗਲ ਚੋਂ ਨਿਕਲ ਕੇ ਜੱਟਪੁਰੇ ਪਹੁੰਚੇ।

ਉੱਥੇ ਰਾਇ ਕੱਲਾ ਆਪ ਜੀ ਦੇ ਦੀਦਾਰ ਕਰਨ ਆਇਆ, ਜਦ ਉਸ ਨੇ ਗੁਰੂ ਜੀ ਨਾਲ ਵਾਪਰੀ ਮੁਸੀਬਤ ਦਾ ਹਾਲ ਸੁਣਿਆ ਤਾਂ ਉਹ ਰੋ ਪਿਆ। ਉਸ ਨੇ ਗੁਰੂ ਜੀ ਪਾਸੋਂ ਸੇਵਾ ਦੀ ਮੰਗ ਕੀਤੀ। ਦਸਮੇਸ਼ ਜੀ ਦੇ ਕਹਿਣ ਮੁਤਾਬਕ ਉਸ ਨੇ ਆਪਣੇ ਚਰਵਾਹੇ ਨੂਰੇ ਮਾਹੀ ਨੂੰ ਸਰਹਿੰਦ ਭੇਜਿਆ, ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਖ਼ਬਰ ਲੈਣ ਲਈ। ਨੂਰੇ ਮਾਹੀ ਨੇ ਸਰਹਿੰਦ ਤੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਖ਼ਬਰ ਸੁਣ ਕੇ ਦਸਮੇਸ਼ ਜੀ ਨੂੰ ਆਣ ਸੁਣਾਈ। ਕਿਵੇਂ ਗੰਗੂ ਬ੍ਰਾਹਮਣ ਮਾਤਾ ਜੀ ਅਤੇ ਦੋ ਛੋਟੇ ਸਾਹਿਬਜ਼ਾਦਿਆਂ ਨੂੰ ਆਪਣੇ ਪਿੰਡ ਖੇੜੀ (ਸਹੇੜੀ) ਆਪਣੇ ਘਰ ਲੈ ਗਿਆ।

ਰਾਤ ਵੇਲੇ ਮਾਤਾ ਜੀ ਦੀਆਂ ਮੋਹਰਾਂ ਚੁਰਾ ਕੇ ਦੂਸਰੇ ਦਿਨ (10 ਪੋਹ ) ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਤਿੰਨਾਂ ਨੂੰ ਸਰਹਿੰਦ ਦੇ ਠੰਢੇ ਬੁਰਜ ਵਿੱਚ ਕੈਦ ਰੱਖਿਆ ਗਿਆ। 11 ਪੋਹ ਨੂੰ ਵਜ਼ੀਰ ਖਾਂ ਕਚਿਹਰੀ ਵਿੱਚ ਨੇ ਸਾਹਿਬਜ਼ਾਦਿਆਂ ਨੂੰ ਪੇਸ਼ ਕੀਤਾ। ਕਚਹਿਰੀ ਵਿੱਚ ਪੁੱਜਦਿਆਂ ਸਾਰ ਦੋਹਾਂ ਸਾਹਿਬਜ਼ਾਦਿਆਂ ਨੇ ਗੱਜ ਕੇ ਵਾਹਿਗੁਰੂ ਜੀ ਕੀ ਫ਼ਤਹਿ ਬੁਲਾਈ।

ਨਵਾਬ ਵਜ਼ੀਰ ਖਾਂ ਨੇ ਕਿਹਾ -ਤੁਹਾਡੇ ਪਿਤਾ ਅਤੇ ਦੋਵੇਂ ਭਰਾ ਕਤਲ ਹੋ ਗਏ ਹਨ। ਤੁਹਾਡੀ ਜਾਨ ਬਚ ਸਕਦੀ ਹੈ, ਜੇ ਤੁਸੀਂ ਕਲਮਾ ਪੜ੍ਹ ਕੇ ਦੀਨ ਕਬੂਲ ਕਰ ਲਵੋ, ਨਾਲ ਹੀ ਹੋਰ ਬੜੇ ਲਾਲਚ ਦਿੱਤੇ, ਪਰ ਉਨ੍ਹਾਂ ਸੂਰਬੀਰਾਂ ਨੇ ਕਿਹ-ਅਸੀਂ ਗੁਰੂ ਤੇਗ਼ ਬਹਾਦਰ ਜੀ ਦੇ ਪੋਤਰੇ ਅਤੇ ਦਸਮੇਸ਼ ਜੀ ਦੇ ਸਪੁੱਤਰ ਹਾਂ।ਅਸੀਂ ਧਰਮ ਲਈ ਸ਼ਹੀਦ ਹੋਣਾ ਫ਼ਖਰ ਸਮਝਦੇ ਹਾਂ। ਅਸੀਂ ਅਪਣਾ ਧਰਮ ਨਹੀਂ ਛੱਡ ਸਕਦੇ, ਤੁਸੀਂ ਜਿਵੇਂ ਮਰਜ਼ੀ ਕਰੋ।' ਸਾਹਿਬਜ਼ਾਦਿਆਂ ਨੂੰ ਹੁਣ ਡਰਾਵੇ ਵੀ ਦਿੱਤੇ ਗਏ, ਪਰ ਉਹ ਕਿਸੀ ਵੀ ਤਰ੍ਹਾਂ ਨਾ ਡੋਲੇ।

ਸੁੱਚਾ ਨੰਦ ਬ੍ਰਾਹਮਣ ਨੇ ਵੀ ਕੁਬੋਲ ਬੋਲ ਬੋਲੇ ਪਰ ਨਵਾਬ ਮਲੇਰ ਕੋਟਲੇ ਨੇ ਕਿਹਾ- 'ਇਹ ਮਾਸੂਮ ਹਨ, ਇਨ੍ਹਾਂ ਦਾ ਕੋਈ ਦੋਸ਼ ਨਹੀਂ ਇਨ੍ਹਾਂ ਨੂੰ ਛੱਡ ਦੇਣਾ ਚਾਹੀਦਾਹੈ।' ਪਰ ਉਸ ਦੀ ਕਿਸੇ ਨੇ ਨਾ ਮੰਨੀ। 11 ਤੇ 12 ਪੋਹ ਦੇ ਦਿਨ ਸਾਹਿਬਜ਼ਾਦਿਆਂ ਦੀ ਕਚਹਿਰੀ ਵਿੱਚ ਪੇਸ਼ੀ ਹੁੰਦੀ ਰਹੀ,ਪਰ ਉਹ ਨਾ ਥਿੜਕੇ, ਨਾ ਡੋਲੇ। ਨਵਾਬ ਨੇ ਹੁਕਮ ਦਿੱਤਾ, 'ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿੱਚ ਚਿਣਵਾ ਦਿਓ।'

ਨਵਾਬ ਦਾ ਇਹ ਕਹਿਰ ਭਰਿਆ ਫ਼ਤਵਾ ਸੁਣ ਕੇ ਧਰਤੀ ਵੀ ਕੰਬ ਗਈ। ਦਸਮੇਸ਼ ਜੀ ਅਕਾਲ-ਪੁਰਖ ਦਾ ਭਾਣਾ ਮੰਨ ਕੇ ਅਡੋਲ ਰਹੇ। ਆਪਣੇ ਤੀਰ ਨਾਲ ਕਾਹੀ ਦਾ ਬੂਟਾ ਜੜ੍ਹ ਤੋਂ ਪੁੱਟ ਕੇ ਫ਼ਰਮਾਇਆ, 'ਮੁਗ਼ਲ ਰਾਜ ਦੀ ਜੜ੍ਹ ਪੁੱਟੀ ਗਈ ਹੈ।'

ਇਸ ਤੋਂ ਬਾਅਦ ਕਈ ਥਾਵਾਂ ਤੋਂ ਹੁੰਦੇ ਹੋਏ ਗੁਰੂ ਸਾਹਿਬ ਲੱਖੀ ਜੰਗਲ ਪੁੱਜੇ। ਇੱਥੇ ਚਿਰਾਂ ਤੋਂ ਵਿੱਛੜੇ ਕਈ ਸਿੱਖ ਤੇ ਢਾਡੀ ਆਣ ਮਿਲੇ।ਕੀਰਤਨ ਤੇ ਕਵੀ-ਦਰਬਾਰ ਹੋਣ ਲਗ ਪਏ। ਇੱਥੋਂ ਚੱਲ ਕੇ ਕਈ ਪਿੰਡਾਂ ਤੇ ਸ਼ਹਿਰਾਂ ਤੋਂ ਹੁੰਦੇ ਹੋਏ ਗੁਰੂ ਜੀ 'ਸਾਬੋ ਕੀ ਤਲਵੰਡੀ' ਪੁੱਜੇ। ਏਥੇ ਹੀ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਦੇਵਾਂ ਜੀ ਆਣ ਮਿਲੇ, ਜਦ ਉਨ੍ਹਾਂ ਨੇ ਦੇਖਿਆ ਸੈਂਕੜੇ ਦੀ ਤਾਦਾਦ ਵਿੱਚ ਸੂਰਮੇ ਬੈਠੇ ਹਨ। ਇਕ ਤਖ਼ਤ ਤੇ ਦੋ ਜਹਾਨ ਦੇ ਵਾਲੀ ਸੰਗਤਾਂ ਦੇ ਵਿਚਕਾਰ ਦੀਵਾਨ ਸਜਾ ਕੇ ਸੁਸ਼ੋਭਿਤ ਹਨ। ਚਾਰੇ ਪਾਸੇ ਨਜ਼ਰ ਮਾਰੀ, ਪਰ ਜਿਗਰ ਦੇ ਟੁਕੜੇ ਚਾਰੇ ਸਾਹਿਬਜ਼ਾਦੇ ਕਿਤੇ ਵੀ ਨਜ਼ਰੀਂ ਨਾ ਆਏ। ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਦੇਵਾਂ ਜੀ ਨੇ ਹਜ਼ੂਰ ਤੋਂ ਪੁੱਛਿਆ, ਚਾਰੇ ਲਾਲ ਅਤੇ ਮਾਤਾ ਜੀ ਕਿੱਥੇ ਹਨ? ਤਾਂ ਦਸਮੇਸ਼ ਜੀ ਨੇ ਉੱਤਰ ਦਿੱਤਾ-

'ਇਨ ਪੁਤ੍ਰ ਨ ਕੇ ਸੀਸ ਪਰ, ਵਾਰ ਦੀਏ ਸੁੱਤ ਚਾਰ
ਚਾਰ ਮੁਏ ਤੋ ਕਿਆ ਹੂਆ, ਜੀਵਤ ਕਈ ਹਜ਼ਾਰ।'

..................................................

# ਜੀਵਨ ਵਿੱਚ 'ਸੇਵਾ' ਦਾ ਮਹੱਤਵ



**ਸੁਨਿੰਤ ਕੌਰ**
(ਕਲੀਨਿਕਲ ਥੈਰਾਪਿਸਟ ਅਤੇ ਪਰਸਨੈਲਟੀ ਸਟਰੈਟਜਿਸਟ)
98737-53397

'ਸੇਵਾ' ਗੁਰੂ ਨਾਨਕ ਦੇਵ ਜੀ ਦੀ ਸਭ ਤੋਂ ਸੁੰਦਰ ਸਿੱਖਿਆਵਾਂ ਵਿੱਚੋਂ ਇੱਕ ਹੈ। ਸੇਵਾ ਦਾ ਮਤਲਬ ਸਿਰਫ਼ ਕਿਸੇ ਦੀ ਮਦਦ ਕਰ ਦੇਣਾ ਨਹੀਂ, ਸੇਵਾ ਦਾ ਮਤਲਬ ਹੈ ਦੂਜਿਆਂ ਲਈ ਉਹ ਕਰਨਾ ਜਿਸ ਵਿੱਚ ਕੋਈ ਹੰਕਾਰ ਸ਼ਾਮਲ ਨਾ ਹੋਵੇ, ਕਿਸੇ ਕਿਸਮ ਦਾ ਲਾਲਚ ਨਾ ਹੋਵੇ, ਨਾ ਹੀ ਕਿਸੇ ਤੋਂ ਵਾਹ-ਵਾਹ ਖੱਟਣ ਦੀ ਉਮੀਦ ਹੋਵੇ।

'ਸੇਵਾ' ਪਿਆਰ ਦਾ ਇੱਕ ਅਜਿਹਾ ਰੂਪ ਹੈ, ਜਿਸ ਵਿੱਚ ਅਪਣੱਤ, ਹਮਦਰਦੀ, ਅਤੇ ਸਮਰਪਣ ਦੀ ਭਾਵਨਾ ਸ਼ਾਮਲ ਰਹਿੰਦੀ ਹੈ ਜਿਸ ਵਿੱਚ ਸਮ-ਦ੍ਰਿਸ਼ਟੀ ਸਾਕਾਰ ਰੂਪ ਵਿੱਚ ਵਿਦਵਾਨ ਰਹਿੰਦੀ ਹੈ। ਅਜਿਹੀ ਸੇਵਾ ਦਾ ਪ੍ਰਤੀਫਲ ਸਾਨੂੰ ਉਸ ਪਰਮ ਸ਼ਕਤੀ ਦੇ ਨਾਲ ਰੂਬਰੂ ਹੋਣ ਦਾ ਮੌਕਾ ਦੇਂਦਾ ਹੈ। ਇਹ ਇਕ ਅਜਿਹੀ ਸ਼ਕਤੀ ਹੈ ਜੋ ਸਰਬ ਵਿਆਪੀ ਹੈ। ਸਿੱਖ ਧਰਮ ਵਿਚ 'ਚੜ੍ਹਦੀ-ਕਲਾ' ਵਿੱਚ ਰਹਿਣਾ ਅਤੇ ਦੂਜਿਆਂ ਨੂੰ ਚੜ੍ਹਦੀ- ਕਲਾ ਵਿੱਚ ਰੱਖਣਾ, ਇਸ ਨੂੰ ਆਪਣੇ ਆਪ ਵਿੱਚ ਸੇਵਾ ਤੋਂ ਘੱਟ ਨਹੀਂ ਮੰਨਿਆ ਗਿਆ।

'ਨਾਮ' ਤੇ 'ਸੇਵਾ' ਇੱਕ ਸੰਤੁਲਿਤ ਜੀਵਨ ਦੇ ਦੋ ਪਹਿਲੂ ਹਨ, ਜੋ ਜੀਵਨ ਨੂੰ ਸਾਵਾਂ ਤੇ ਪੱਧਰਾ ਰੱਖਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮੁਢਲੀ ਸਿੱਖਿਆ ਤਿੰਨ ਉਪਦੇਸ਼ਾਂ ਉਤੇ ਟਿਕੀ ਹੋਈ ਹੈ।

**ਨਾਮ ਜੱਪਣਾ-** ਹਰ ਸਮੇਂ ਵਾਹਿਗੁਰੂ ਜੀ ਨੂੰ ਚੇਤੇ ਵਿਚ ਰੱਖਣਾ। ਹਰ ਔਕੜ ਜਾਂ ਮੁਸੀਬਤ ਵਿਚ, ਦੁਖ-ਸੁੱਖ ਵਿਚ, ਹਰਖ- ਸੋਗ ਵਿਚ ਉਸਦੇ ਭਾਣੇ ਵਿਚ ਰਹਿ ਕੇ ਸਦਾ ਉਸਦੀ ਸਿਮਰਤੀ ਚੇਤਿਆਂ ਵਿਚ ਬਣਾਈ ਰਖਣਾ ਅਤੇ ਨਾਮ- ਸਿਮਰਨ ਨਾਲ ਜੁੜੇ ਰਹਿਣਾ।

**ਵੰਡ ਛਕਣਾ-** ਆਪਣੀ ਸੱਚੀ-ਸੁੱਚੀ ਕਮਾਈ ਦਾ ਕੁਝ ਹਿੱਸਾ ਲੋੜਵੰਦਾਂ ਦੀ ਸਹਾਇਤਾ ਲਈ ਕੱਢਣਾ। ਅਜਿਹੀ ਕਮਾਈ ਜਿਸ ਵਿਚ ਕੋਈ ਵਿਸ਼ੇ-ਵਿਕਾਰ ਦਾ ਅੰਸ਼ ਨਾ ਹੋਵੇ। ਸੱਚੀ-ਸੁੱਚੀ ਕਮਾਈ ਨਾਲ ਜੀਵਨ ਬਸਰ ਕਰਣਾ।

ਕਿਰਤ ਕਰਨਾ- ਮਿਹਨਤ ਨਾਲ ਸਚੀ-ਸੁੱਚੀ ਕਮਾਈ ਕਰਕੇ ਪੈਸਾ ਕਮਾਉਣਾ। ਕਿਸੇ ਨਾਲ ਧੋਖਾਧੜੀ ਨਾ ਕਰਨਾ। ਆਪਣੀ ਖ਼ੂਨ ਪਸੀਨੇ ਦੀ ਮਾਇਆ ਨਾਲ ਘਰ-ਗ੍ਰਿਹਿਸਥੀ ਚਲਾਉਣਾ। ਪਰ ਅੱਜ ਦੇ ਵਿਵਹਾਰਕ ਸਮੇਂ ਵਿੱਚ ਕਿੰਨ੍ਹੇ ਕੁ ਲੋਕੀਂ 'ਸੇਵਾ' ਸ਼ਬਦ ਸੁਣ ਕੇ ਪ੍ਰਭਾਵਿਤ ਹੁੰਦੇ ਹਨ। ਕਦੇ ਸਮੇਂ ਤੇ ਕਦੇ ਪੈਸਿਆਂ ਦੀ ਥੁੜ ਹੋਣ ਕਰਕੇ ਸੇਵਾ ਨਹੀਂ ਕਰ ਪਾਉਂਦੇ। ਸੇਵਾ ਸਿਰਫ਼ ਧਾਰਮਿਕ ਥਾਵਾਂ ਤੇ ਦਿਖਾਵਾ ਕਰਕੇ ਨਹੀਂ ਹੁੰਦੀ। ਸਗੋਂ 'ਸੇਵਾ' ਜ਼ਿੰਦਗੀ ਦੀਆਂ ਛੋਟੀਆਂ-ਛੋਟੀਆਂ ਘਟਨਾਵਾਂ ਵਿੱਚ ਵਿਦਮਾਨ ਰਹਿੰਦੀ ਹੈ। 'ਸੇਵਾ' ਦੇ ਕਈਂ ਰੂਪ ਹਨ-

**ਸਰੀਰਕ ਤੌਰ ਤੇ ਸੇਵਾ:** ਕਿਸੇ ਦਾ ਕੰਮ ਵਿਚ ਉਸਦਾ ਹੱਥ ਵਟਾ ਕੇ ਸਹਾਇਤਾ ਕਰਣਾ। ਕਿਸੇ ਦੇ ਕੰਮ ਮਦਦ ਦੇ ਕੇ ਉਸਦਾ ਹੱਥ ਵਟਾਉਣਾ।

**ਭਾਵਨਾਤਮਕ ਸੇਵਾ:** ਕਿਸੇ ਦੀ ਵਿਥਿਆ ਸੁਣਨਾ, ਹੌਸਲਾ ਦੇਣਾ, ਤੇ ਉਸਨੂੰ ਠੀਕ ਰਾਹ ਪਾਣਾ। ਉਸਦਾ ਦੁੱਖ-ਦਰਦ ਸੁਣਨਾ ਅਤੇ ਹਰ ਸੰਭਵ ਉਸਦੀ ਸਹਾਇਤਾ ਕਰਨਾ। ਉਸ ਨਾਲ ਦੋ ਸ਼ਬਦ ਸਾਂਝੇ ਕਰਕੇ ਉਸਨੂੰ ਹੌਂਸਲਾ ਦੇਣਾ। ਉਸਨੂੰ ਆਸਵੰਦ ਰਹਿਣ ਦਾ ਭਰੋਸਾ ਦੇਣਾ ਵੀ ਇਕ ਕਿਸਮ ਦੀ ਸੇਵਾ ਹੀ ਹੈ।

**ਮਾਨਸਿਕ ਸੇਵਾ:** ਕਿਸੇ ਦੇ ਗਿਆਨ ਨੂੰ ਸਲਾਹੁਣਾ ਜਾਂ ਠੀਕ ਸਲਾਹ ਦੇਣਾ, ਉਸ ਨਾਲ ਰਾਹਦਾਰੀ ਸਾਂਝੀ ਕਰਨੀ। ਮਨ ਨੂੰ ਮਜ਼ਬੂਤ ਰੱਖ ਕੇ ਅੱਗੇ ਵਧਣ ਦਾ ਹੌਸਲਾ ਦੇਣਾ।

**ਆਰਥਿਕ ਸੇਵਾ:** ਬਿਨਾਂ ਕਿਸੇ ਹੰਕਾਰ ਦੇ ਬਿਨਾਂ ਕਿਸੇ ਨੂੰ ਛੋਟਾ ਮਹਿਸੂਸ ਕਰਵਾਏ ਬਗੈਰ ਉਸਦੀ ਆਰਥਿਕ ਸਹਾਇਤਾ ਕਰਨੀ।

**ਅਧਿਆਤਮਿਕ ਸੇਵਾ:** ਕਿਸੇ ਦੇ ਮਨ ਵਿੱਚ ਰੋਸ਼ਨੀ ਪੈਦਾ ਕਰਨੀ, ਉਸਦਾ ਹੌਂਸਲਾ ਵਧਾਉਣਾ। ਉਸਨੂੰ ਪਰਮ ਸ਼ਕਤੀ ਦੇ ਹੁਕਮ ਵਿੱਚ ਰਹਿਣ ਲਈ ਰਾਹ-ਦਿਸੇਰਾ ਬਣਨਾ। ਜੀਵਨ ਵਿੱਚ ਪਰਮਾਤਮਾ ਤੇ ਵਿਸ਼ਵਾਸ ਬਣਾਈ ਰੱਖਣ ਦਾ ਭਰੋਸਾ ਕਾਇਮ ਰੱਖਣ ਤੇ ਭਰੋਸਾ ਦੇਣਾ। ਪਿਆਰ ਅਤੇ ਸਮਰਪਣ ਨਾਲ ਕੀਤਾ ਹਰ ਇਕ ਕੰਮ ਸੇਵਾ ਹੈ।

ਸੇਵਾ ਲਈ ਨਾ ਫਾਲਤੂ ਸਮੇਂ ਦੀ ਲੋੜ ਹੈ, ਨਾ ਵੱਡੀ ਦਾਨ-ਰਕਮ ਦੀ, ਨਾ ਲੋਕਾਂ ਦੇ ਧਿਆਨ ਦੀ। ਸੇਵਾ ਲਈ ਸਿਰਫ਼ ਇੱਕ ਨੇਕ ਅਤੇ ਚੰਗੇ ਦਿਲ ਦੀ ਲੋੜ ਹੈ। ਦਿਲੋਂ ਕੀਤੀ ਇੱਕ ਪਿਆਰ ਭਰੀ ਮੁਸਕਰਾਹਟ ਵੀ 'ਸੇਵਾ' ਦਾ ਹੀ ਰੂਪ ਹੈ। ਜਦੋਂ ਅਸੀਂ ਕਿਸੇ ਦੀ ਸੇਵਾ ਕਰਦੇ ਹਾਂ, ਅਸੀਂ ਪ੍ਰਮਾਤਮਾ ਦੀ ਬਣਾਈ ਰਚਨਾ ਦੀ ਮਦਦ ਕਰ ਰਹੇ ਹੁੰਦੇ ਹਾਂ। ਅਜਿਹੀ ਸੇਵਾ ਕਰਨਾ ਬਹੁਤ ਹੀ ਸੁਖਾਲਾ ਕੰਮ ਹੈ:

-ਆਪਣੇ ਹੱਥੀਂ ਸੇਵਾ ਕਰੋ।

-ਦੋ ਬੋਲ ਪਿਆਰ ਦੇ ਬੋਲ ਕੇ ਕੀਤੀ ਸੇਵਾ ਹੀ ਥਾਂਇ ਪੈਂਦੀ ਹੈ।

-ਸਚੇ ਦਿਲ ਨਾਲ ਸੇਵਾ ਕਰੋ।

-ਜਿੱਥੇ ਕੋਈ ਲੋੜਵੰਦ ਹੈ ਉਸਦੀ ਸੇਵਾ ਕਰੋ।

ਬੱਸ ਇਹੀ ਹੈ ਅਸਲੀ ਸੇਵਾ ਦਾ ਰੂਪ, ਲੇਕਿਨ ਸੇਵਾ ਕਰਦਿਆਂ ਹੋਇਆਂ ਇਹ ਜ਼ਰੂਰ ਖ਼ਿਆਲ ਰੱਖਿਓ ਕਿ ਸੇਵਾ ਕਰਦਿਆਂ ਆਪਣੇ ਅੰਦਰ ਹਉਮੈ ਨਾ ਆਏ ਅਜਿਹੀ ਸੇਵਾ-ਸੇਵਾ ਨਹੀਂ। ਬਹੁਤ ਲੋਕ ਸੇਵਾ ਦਾ ਮਤਲਬ ਆਪਣੀ ਕੁਰਬਾਨੀ ਸਮਝ ਲੈਂਦੇ ਹਨ। ਉਹ ਦਿੰਦੇ ਜਾਂਦੇ ਹਨ... ਜਦ ਤੱਕ ਅੰਦਰੋਂ ਖਾਲੀ ਨਾ ਹੋ ਜਾਣ। ਇਹ ਸੇਵਾ ਨਹੀਂ, ਇਸ ਨੂੰ ਐਸੀ ਬੁਰਨ ਆਊਟ ਕਹਿੰਦੇ ਹਾਂ।

-ਸਹੀ ਸੇਵਾ ਦਾ ਮਤਲਬ ਹੈ: ਦੂਜਿਆਂ ਦੀ ਮਦਦ ਕਰਨਾ ਬਿਨਾਂ ਆਪਣੇ ਆਪ ਨੂੰ ਨੁਕਸਾਨ ਪਹੁੰਚਾਏ।

ਕਿੱਸੇ ਨੂੰ ਵੀ ਜੇ "ਹਾਂ" ਕਹਿਣਾ ਤੇ ਪਿਆਰ ਨਾਲ ਕਹਿਣਾ, ਡਰ ਜਾਂ ਗਿਲਟ ਨਾਲ ਨਹੀਂ। ਜਦੋਂ ਆਪਣੇ ਦਿਲ ਅਤੇ ਸਰੀਰ ਨੂੰ ਆਰਾਮ ਚਾਹੀਦਾ ਹੋਵੇ, ਤਾਂ ਪਿਆਰ ਅਤੇ ਸਤਿਕਾਰ ਨਾਲ "ਨਾ" ਕਹਿਣਾ।

ਦਿਲ ਨਾਲ ਸੇਵਾ ਕਰਨੀ, ਖਾਨਾ ਪੂਰਤੀ ਕਰਦੇ ਹੋਏ ਕੀਤੀ ਸੇਵਾ ਦਾ ਪ੍ਰਭਾਵ ਗਲਤ ਪੈਂਦਾ ਹੈ। ਗੁਰੂ ਦੇ ਦੱਸੇ ਰਸਤਾ ਤੇ ਚੱਲਦੇ ਹੋਏ ਸੇਵਾ ਕਰਨੀ ਹੀ ਅਸਲੀ ਸੇਵਾ ਹੈ। ਉਹੀ ਸੇਵਾ ਹੀ ਸੱਚੀ ਸੇਵਾ ਹੈ। ਸੇਵਾ ਕਰਣ ਵਾਲੇ ਨੂੰ ਅਤੇ ਸੇਵਾ ਕਰਵਾਉਣ ਵਾਲੇ ਨੂੰ ਲਾਭ ਮਿਲ ਸਕੇ, ਤਾਂ ਹੀ ਸੇਵਾ ਅਸਰਦਾਰ ਹੁੰਦੀ ਹੈ। ਕਿਸੇ ਦੀ ਪਰੇਸ਼ਾਨੀ ਠਰਮੇਂ ਨਾਲ ਸੁਣਨਾ ਤੇ ਉਸਦਾ ਮਨ ਹਲਕਾ ਕਰਨਾ ਵੀ ਸੱਚੀ ਸੇਵਾ ਹੈ। ਗ਼ਰੀਬ ਤੇ ਅਨਾਥ ਬਚਿਆਂ ਨੂੰ ਆਸਰਾ ਦੇ ਕੇ ਉਸਦੀ ਮਦਦ ਕਰਨਾ, ਕਿਸੇ ਗ਼ਰੀਬ ਬੱਚੇ ਨੂੰ ਉਸਦੀ ਪੜ੍ਹਾਈ ਵਿੱਚ ਆਰਥਿਕ ਤੇ ਵਿਦਿਅਕ ਸੇਵਾ ਕਰਕੇ ਕੀਤੀ ਗਈ ਸੇਵਾ ਹੀ 'ਜੀਵਨ-ਜਾਚ' ਹੈ, 'ਜੀਵਨ-ਸ਼ੈਲੀ' ਹੈ।

.....................................................

## ਮੈਂ ਦਰਦ ਦਿਵਾਨੀ

**ਕਿਸ਼ਨ ਸਿੰਘ ਆਰਿਫ**

ਮੈਂ ਦਰਦ ਦਿਵਾਨੀ ਹੋਇ ਰਹੀ।
ਛਪ ਛਪ ਕੇ ਅੰਦਰ ਰੋਇ ਰਹੀ।

ਬਾਝ ਪਿਆਰੇ ਨੀਂਦ ਨਾ ਆਵੇ,
ਸੌ-ਸੌ ਵਾਰੀ ਸੋਇ ਰਹੀ ।
ਦਾਗ਼ ਦਿਲੇ ਦਾ ਦੂਰ ਨਾ ਹੋਵੇ,
ਲਖ ਲਖ ਵਾਰੀ ਧੋਇ ਰਹੀ।

ਜਲਿਆ ਦਾਣਾ ਉਗਦਾ ਨਾਹੀਂ,
ਜਲ ਪਾ ਬੂਟਾ ਬੋਇ ਰਹੀ।
ਜਾਨੀ ਅਜੇ ਨਾ ਜਾਨੇ ਬੂਝੇ,
ਜਾਨ ਜਹਾਨ ਵਿਗੋਇ ਰਹੀ।

ਮੋਤੀਆਂ ਵਾਲਾ ਮਿਲੇ ਨਾ ਮੈਨੂੰ,
ਰੋ-ਰੋ ਹਾਰ ਪਰੋਇ ਰਹੀ ।
ਖ਼ਾਵੰਦ ਅਜੇ ਨਹੀਂ ਖ਼ੁਸ਼ ਥੀਂਦਾ,
ਹੋ ਖ਼ਫ਼ਤਨ ਖ਼ਾਨਾ ਖੋਇ ਰਹੀ।

ਮਾਖਨ ਮੇਰਾ ਨਿਕਲੇ ਨਾਹੀਂ,
ਕਿਤਨਾ ਖੀਰ ਬਿਲੋਇ ਰਹੀ।
ਢੋਲਾ ਪਾਸ ਨਾ ਢੁੱਕਨ ਦੇਵੇ,
ਕਿਤਨੇ ਢੋਏ ਢੋਇ ਰਹੀ।

ਇਸ਼ਕ ਮਾਹੀ ਦੇ ਮਾਰ ਮੁਕਾਯਾ,
ਕੱਖੋਂ ਹੌਲੀ ਹੋਇ ਰਹੀ ।
ਦੇਹ ਦੀਦਾਰ ਕਿਸ਼ਨ ਸਿੰਘ ਪਯਾਰੇ,
ਦਰ ਦੇ ਆਨ ਖਲੋਇ ਰਹੀ।

.....................................................

# ਨਾਮਧਾਰੀ ਸੰਪਰਦਾ ਵਿੱਚ ਜਪ-ਪ੍ਰਯੋਗ ਦੀ ਮਹਾਨਤਾ

**ਜੋਗਿੰਦਰ ਸਿੰਘ ਓਬਰਾਏ**
98769-24513

ਦੁਨੀਆ ਦੇ ਜਿੰਨੇ ਵੀ ਧਰਮ ਹਨ, ਉਹ ਸਾਰੇ ਕਿਸੇ ਰੂਪ ਵਿੱਚ ਇਨਸਾਨ ਨੂੰ ਪ੍ਰਭੂ-ਭਗਤੀ ਕਰਨ ਲਈ ਪ੍ਰੇਰਦੇ ਹਨ, ਤਰੀਕਾ ਭਾਵੇਂ ਕਿਹੋ ਜਿਹਾ ਵੀ ਹੋਵੇ। ਸਿੱਖ ਧਰਮ ਵਿੱਚ ਦੋ ਗੱਲਾਂ ਦੀ ਵਿਸ਼ੇਸ਼ ਮਹਾਨਤਾ ਹੈ, ਉਹ ਹੈ ਭਗਤੀ ਅਤੇ ਸ਼ਕਤੀ ਦੀ। ਭਗਤੀ ਵੀ ਤਾਂ ਹੀ ਹੋ ਸਕਦੀ ਹੈ ਜੇ ਇਨਸਾਨ ਅੰਦਰ ਆਤਮਿਕ ਸ਼ਕਤੀ ਹੈ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਨੇ ਵੀ ਕਠਿਨ ਤਪੱਸਿਆ ਕੀਤੀ ਤੇ ਇਸ ਪਿੱਛੋਂ ਉਨ੍ਹਾਂ ਚਾਰ ਉਦਾਸੀਆਂ ਕਰਕੇ ਦੁਨੀਆ ਨੂੰ ਤਾਰਿਆ। ਭਾਈ ਗੁਰਦਾਸ ਜੀ ਲਿਖਦੇ ਹਨ:

ਰੇਤੁ ਅਕੁ ਆਹਾਰੁ ਕਰਿ ਰੋੜਾ ਕੀ ਗੁਰ ਕਰੀ ਵਿਛਾਈ।
ਭਾਰੀ ਕਰੀ ਤਪਸਿਆ ਵਡੇ ਭਾਗੁ ਹਰਿ ਸਿਉ ਬਨਿ ਆਈ।

ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵੀ ਨਾਮ ਸਿਮਰਨ ਬਾਰੇ ਲਿਖਦੇ ਹਨ:

ਸਭ ਕਰਮ ਫੋਕਟ ਜਾਨ॥
ਸਭ ਧਰਮ ਨਿਹਫਲ ਮਾਨ॥
ਬਿਨੁ ਏਕ ਨਾਮ ਅਧਾਰ॥
ਸਭ ਕਰਮ ਭਰਮ ਬਿਚਾਰ॥

ਭਗਤੀ ਦੀ ਇਸ ਪ੍ਰੰਪਰਾ ਨੂੰ ਨਾਮਧਾਰੀ ਸੰਪਰਦਾ ਨੇ ਨਿਰੰਤਰ ਜਾਰੀ ਰੱਖਿਆ ਹੋਇਆ ਹੈ। ਨਾਮਧਾਰੀ ਸੰਪਰਦਾ ਨੇ ਜਿੱਥੇ ਦੇਸ਼ ਅਤੇ ਧਰਮ ਲਈ ਵੱਡੀਆਂ ਕੁਰਬਾਨੀਆਂ ਕੀਤੀਆਂ ਹਨ, ਉਥੇ ਉਹ ਸਤਿਗੁਰਾਂ ਦੇ ਉਪਦੇਸ਼ਾਂ ਨੂੰ ਮੰਨਦੇ ਹੋਏ ਆਪਣਾ ਸਮਾਂ ਪ੍ਰਭੂ ਭਗਤੀ ਵਿਚ ਵੀ ਬਤੀਤ ਕਰਦੇ ਹਨ। ਨਾਮਧਾਰੀ ਮੁਖੀ ਭੈਣੀ ਸਾਹਿਬ ਦੇ ਸਤਿਗੁਰੂ ਰਾਮ ਸਿੰਘ ਹੁਰਾਂ ਨੇ ਸ੍ਰੀ ਅਕਾਲ ਬੰਗੇ ਵਿਚ ਲਗਾਤਾਰ 20 ਸਾਲ ਤਪ ਕੀਤਾ।

ਇਸ ਸੰਪਰਦਾ ਵਿਚ ਭਾਵੇਂ ਹਰ ਰੋਜ਼ ਹੀ ਨਿਤਨੇਮ ਅਤੇ ਗੁਰਬਾਣੀ ਦਾ ਪ੍ਰਵਾਹ ਨਿਰੰਤਰ ਚਲਦਾ ਰਹਿੰਦਾ ਹੈ ਪਰ ਸਮੁੱਚੇ ਰੂਪ ਵਿਚ ਅੱਸੂ ਦੇ ਮਹੀਨੇ ਨਿਰੰਤਰ 30-31 ਦਿਨ 'ਨਾਮ ਸਿਮਰਨ ਜਪ ਪ੍ਰਯੋਗ' ਸਮਾਗਮ ਹੋਣਾ ਇਕ ਵਿਸ਼ੇਸ਼ ਸਥਾਨ ਰੱਖਦਾ ਹੈ। ਨਾਮ ਸਿਮਰਨ ਦੀ ਇਹ ਪ੍ਰੰਪਰਾ 1906 ਵਿਚ ਨਾਮਧਾਰੀ ਮੁਖੀ ਸਤਿਗੁਰੂ ਪ੍ਰਤਾਪ ਸਿੰਘ ਹੁਰਾਂ ਵੱਲੋਂ ਸ਼ੁਰੂ ਕੀਤੀ ਗਈ। ਸਭ ਤੋਂ ਪਹਿਲਾਂ ਦੋਰਾਹੇ ਤੋਂ ਦਸ ਕਿਲੋਮੀਟਰ ਦੀ ਦੂਰੀ 'ਤੇ ਸਰਹਿੰਦ ਨਹਿਰ ਕੰਢੇ (ਪਿੰਡ ਢੰਡੇ ਨੇੜੇ) ਸਾਉਣ ਦੇ ਮਹੀਨੇ ਇਹ ਪ੍ਰੋਗਰਾਮ ਕੀਤਾ ਗਿਆ। ਕਈ ਸਾਲ ਇਹ ਭਾਦਰੋਂ ਮਹੀਨੇ ਵਿਚ ਹੁੰਦਾ ਰਿਹਾ, ਪਰ ਬਾਅਦ ਵਿਚ ਮੌਸਮ ਦੀ ਸਹੂਲਤ ਨੂੰ ਵੇਖਦਿਆਂ ਇਹ ਮੇਲਾ ਅੱਸੂ ਮਹੀਨੇ (ਸਤੰਬਰ ਅੱਧ ਤੋਂ ਅਕਤੂਬਰ ਅੱਧ ਤੱਕ) ਹੋਣ ਲੱਗ ਪਿਆ, ਜਿਸ ਕਰਕੇ ਇਸ ਭਗਤੀ ਕਰਨ ਵਾਲੇ ਮਹੀਨੇ ਨੂੰ 'ਅੱਸੂ ਦਾ ਮੇਲਾ' ਕਰਕੇ ਵੀ ਜਾਣਿਆ ਜਾਂਦਾ ਹੈ। ਭਾਵੇਂ ਇਹ ਮੇਲਾ ਸਮਾਗਮ ਦੇਸ਼ ਅਤੇ ਵਿਦੇਸ਼ ਵਿਚ ਵੱਖ ਵੱਖ ਥਾਵਾਂ 'ਤੇ ਹੁੰਦਾ ਰਹਿੰਦਾ ਹੈ ਪਰ ਵਧੇਰੇ ਕਰਕੇ ਸ੍ਰੀ ਭੈਣੀ ਸਾਹਿਬ ਵਿਖੇ ਹੀ ਇਹ ਸਮਾਗਮ ਹੁੰਦਾ ਹੈ।

ਮੌਜੂਦਾ ਨਾਮਧਾਰੀ ਮੁਖੀ ਸਤਿਗੁਰੂ ਉਦੈ ਸਿੰਘ ਹੁਰਾਂ ਦੀ ਸਰਪ੍ਰਸਤੀ ਹੇਠਾਂ ਇਸ ਵਾਰ 119ਵਾਂ 'ਨਾਮ ਸਿਮਰਨ ਜਪ ਪ੍ਰਯੋਗ' ਸਮਾਗਮ 16 ਸਤੰਬਰ ਤੋਂ ਅਰੰਭ ਹੋ ਚੁੱਕਾ ਹੈ, ਜੋ 17 ਅਕਤੂਬਰ ਤੱਕ ਚੱਲੇਗਾ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਸੇਵਕ ਹਰਪਾਲ ਸਿੰਘ ਦੱਸਦੇ ਹਨ। ਕਿ ਸਤਿਗੁਰੂ ਜੀ ਆਪ ਨਾਮ ਜਪਦੇ ਅਤੇ ਜਪਾਉਂਦੇ ਹਨ। ਕਰੀਬ ਇਕ ਮਹੀਨਾ ਚੱਲਣ ਵਾਲੇ ਇਸ ਪ੍ਰਭੂ ਭਗਤੀ ਸਮਾਗਮ ਵਿਚ ਸ਼ਾਮਲ ਹੋਣ ਵਾਲੇ ਸ਼ਰਧਾਲੂ ਪੂਰੀ ਤਰ੍ਹਾਂ ਸੰਸਾਰਕ ਵਿਹਾਰ ਅਤੇ ਮੋਹ ਮਾਇਆ ਤੋਂ ਨਿਰਲੇਪ ਰਹਿ ਕੇ ਆਉਂਦੇ ਹਨ। ਆਤਮ ਰਸ ਲੈਣ ਲਈ ਨੀਂਦ ਅਤੇ ਭੋਜਨ ਘਟਾ ਕੇ ਵੱਧ ਤੋਂ ਵੱਧ ਸਮਾਂ ਨਾਮ ਬਾਣੀ ਦਾ ਅਭਿਆਸ ਕੀਤਾ ਜਾਂਦਾ ਹੈ। ਸਤਿਗੁਰੂ ਜੀ ਵੱਲੋਂ ਵਿਸ਼ੇਸ਼ ਕਿਹਾ ਹੁੰਦਾ ਹੈ ਕਿ ਇਨ੍ਹੀਂ ਦਿਨੀਂ ਕੋਈ ਵੀ ਵਿਹਾਰੀ ਅਰਜ਼ ਬੇਨਤੀ ਨਾ ਕਰੇ। ਜਪ-ਪ੍ਰਯੋਗ ਦੇ ਦਿਨਾਂ ਵਿਚ ਪੂਰੀ ਤਰ੍ਹਾਂ ਬ੍ਰਹਮਚਰਜ ਧਾਰਨ ਕਰਨਾ ਜ਼ਰੂਰੀ ਹੈ।

ਇਸ ਸਮਾਗਮ ਵਿਚ ਸ਼ਾਮਲ ਸਾਰੇ ਸ਼ਰਧਾਲੂ ਅੰਮ੍ਰਿਤ ਵੇਲੇ ਇਕ ਵਜੇ (ਅੱਧੀ ਰਾਤ ਸਮੇਂ) ਕੇਸੀ ਇਸ਼ਨਾਨ ਕਰਕੇ ਦੋ ਵਜੇ ਸਮਾਗਮ ਵਿਚ ਸ਼ਾਮਲ ਹੋ ਜਾਂਦੇ ਹਨ। ਨਾਮ ਸਿਮਰਨ ਸਮੇਂ ਚਿੱਟੇ ਦੁੱਧ ਕਪੜਿਆਂ ਵਿਚ ਚੌਂਕੜੇ ਮਾਰ ਕੇ ਬੈਠੇ ਸ਼ਰਧਾਲੂ ਜਦੋਂ ਉੱਨ ਦੀ ਚਿੱਟੀ ਮਾਲਾ ਫੇਰਦੇ, ਨਾਮ ਸਿਮਰਨ ਕਰ ਰਹੇ ਹੁੰਦੇ ਹਨ ਤਾਂ ਇਕ ਅਲੌਕਿਕ ਨਜ਼ਾਰਾ ਦੇਖਣ ਨੂੰ ਮਿਲਦਾ ਹੈ। ਇਸ ਮੌਕੇ ਤਾਰਿਆਂ ਦੀ ਲੋਅ ਵਿਚ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਹੈ, ਸੂਰਜ ਦੀ ਟਿੱਕੀ

ਨਿਕਲਦੇ ਹੀ ਸਾਰੇ ਸ਼ਰਧਾਲੂ ਚੰਡੀ ਦੀ ਵਾਰ ਦਾ ਪਾਠ ਕਰਦੇ ਹਨ।

ਨਾਮ ਜਪਦਿਆਂ ਤੇ ਬਾਣੀ ਪੜ੍ਹਦਿਆਂ ਲੰਗਰ ਤਿਆਰ ਕੀਤਾ ਜਾਂਦਾ ਹੈ। ਦੁਪਹਿਰ ਸਮੇਂ ਸੂਰਜ ਪ੍ਰਕਾਸ਼ ਅਤੇ ਸਤਿਗੁਰ ਬਿਲਾਸ ਦੀ ਕਥਾ, ਹੁਕਮਨਾਮਿਆਂ ਦਾ। ਪਾਠ, ਨਾਮ ਸਿਮਰਨ ਦੌਰਾਨ ਸਤਿਗੁਰੂ ਪ੍ਰਤਾਪ ਸਿੰਘ ਅਤੇ ਸਤਿਗੁਰ ਜਗਜੀਤ ਸਿੰਘ ਜੀ ਦੇ ਰਿਕਾਰਡ ਕੀਤੇ ਹੋਏ ਉਪਦੇਸ਼, ਫ਼ਿਰ ਸ਼ਾਮ ਸਮੇਂ ਵੱਖ ਵੱਖ ਰਾਗਾਂ ਵਿਚ ਗੁਰਬਾਣੀ ਦਾ ਰਸ ਭਿੰਨਾ ਕੀਰਤਨ, ਜੋਟੀਆਂ ਦੇ ਸ਼ਬਦ, ਸ਼ਾਮ ਸਮੇਂ ਰਹਿਰਾਸ ਦਾ ਪਾਠ, ਹੱਲੇ ਦੇ ਦੀਵਾਨ, ਗਿਆਨ ਚਰਚਾ, ਗੁਰੂ ਨਾਨਕ ਦੇਵ ਜੀ ਤੋਂ ਆਰੰਭਕਰਕੇ ਸਾਰੇ ਗੁਰੂਆਂ ਦੀ ਸਾਖੀਆਂ ਅਤੇ ਹੋਰ ਨਿਰੋਲ ਭਗਤੀ ਰੰਗ ਵਿਚ ਰੰਗਿਆ ਪ੍ਰੋਗਰਾਮ ਭਾਵ ਕਿ ਸਾਰਾ ਸਮਾਂ ਹੀ ਨਾਮ ਬਾਣੀ ਤੇ ਸੇਵਾ ਸਿਮਰਨ ਕਰਦਿਆਂ ਅਧਿਆਤਮਕ ਵਾਤਾਵਰਨ ਵਿਚ ਗੁਜ਼ਰਦਾ ਹੈ।

ਇਸ ਸਮਾਗਮ ਵਿਚ ਜਿਹੜੇ ਨਾਮਧਾਰੀ ਤੇ ਹੋਰ ਸ਼ਰਧਾਲੂ ਦੂਜੇ ਸੂਬਿਆਂ ਜਾਂ ਦੂਰ ਦੇ ਮੁਲਕਾਂ ਵਿਚ ਬੈਠੇ ਹਨ, ਉਹ ਵੀ ਵਿਸ਼ੇਸ਼ ਯਤਨ ਕਰਕੇ ਹਰ ਵਰ੍ਹੇ ਇਸ ਸਮਾਗਮ ਵਿਚ ਪੁੱਜ ਜਾਂਦੇ ਹਨ ਪਰ ਜਿਹੜੇ ਨਹੀਂ ਪੁੱਜ ਸਕਦੇ ਉਹ ਆਪਣੀ-ਆਪਣੀ ਥਾਂ 'ਤੇ ਇਸ ਪ੍ਰਭੂ ਭਗਤੀ ਵਿਚ ਲੀਨ ਹੁੰਦੇ ਹਨ ਅਤੇ ਉਨ੍ਹਾਂ ਦੀ ਹਾਜ਼ਰੀ ਵੀ ਗੁਰੂ ਘਰ ਵਿਚ ਪ੍ਰਵਾਨ ਹੁੰਦੀ ਹੈ। ਇਸ ਸਮਾਗਮ ਵਿਚ ਕੋਈ ਭਿੰਨ ਭੇਦ ਨਹੀਂ ਹੁੰਦਾ। ਮਰਦਾਂ ਦੇ ਨਾਲ ਨਾਲ ਔਰਤਾਂ ਤੇ ਕਈ ਬੱਚੇ ਵੀ ਸ਼ਾਮਲ ਹੋ ਕੇ ਆਪਣਾ ਜੀਵਨ ਸਫ਼ਲ ਕਰਦੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਦੇਸ਼ ਅਤੇ ਵਿਦੇਸ਼ਾਂ ਵਿਚ ਬੈਠੇ ਖਾਸ ਕਰਕੇ ਤਨਜ਼ਾਨੀਆ, ਬੈਂਕਾਕ, ਅਮਰੀਕਾ, ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ ਆਦਿ ਵਿਚ ਲੱਖਾਂ ਨਾਮਧਾਰੀ ਤੇ ਇਸ ਗੁਰੂ ਘਰ ਨਾਲ ਜੁੜੇ ਹੋਰ ਪ੍ਰੇਮੀ ਇਸ ਪ੍ਰਭੂ ਭਗਤੀ ਨਾਲ ਜੁੜ ਕੇ ਆਪਣੇ ਆਪ ਦੇ ਧੰਨਭਾਗ ਸਮਝਦੇ ਹਨ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਇਸ ਵਾਰ ਆਰੰਭਤਾ ਵਾਲੇ ਦਿਨ 8 ਹਜ਼ਾਰ ਤੋਂ ਵਧੇਰੇ ਨਾਮਧਾਰੀ ਸੰਗਤ ਨੇ ਇਸ ਜਪ ਪ੍ਰਯੋਗ ਵਿਚ ਹਿੱਸਾ ਲਿਆ ਅਤੇ ਹੁਣ ਹਰ ਰੋਜ਼ ਦੋ ਤੋਂ ਢਾਈ ਹਜ਼ਾਰ ਦੇ ਕਰੀਬ ਨਾਮਧਾਰੀ ਨਿਰੰਤਰ ਹਿੱਸਾ ਲੈ ਰਹੇ ਹਨ। ਇਸ ਤੋਂ ਇਲਾਵਾ ਕਰੀਬ 160 ਥਾਵਾਂ ਵਿਚ ਵੀ ਇਹ ਜਪ ਪ੍ਰਯੋਗ ਵੱਖ-ਵੱਖ ਥਾਵਾਂ 'ਤੇ ਚੱਲ ਰਹੇ ਹਨ, ਜਿੱਥੇ ਹਜ਼ਾਰਾਂ ਨਾਮਧਾਰੀ ਹਾਜ਼ਰ ਹੁੰਦੇ ਹਨ। ਸਮਾਗਮ ਦੀ ਸਮਾਪਤੀ 19 ਅਕਤੂਬਰ ਨੂੰ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਮਗਰੋਂ ਹੋਵੇਗੀ ਅਤੇ ਇਸ ਮੌਕੇ ਨਾਮਧਾਰੀ ਜੋੜਿਆਂ ਦੇ ਸਮੂਹਿਕ ਆਨੰਦ ਕਾਰਜ ਵੀ ਸਿੱਖ ਪ੍ਰੰਪਰਾਵਾਂ ਅਨੁਸਾਰ ਕੀਤੇ ਜਾਣਗੇ।

.......................................................

## ਅਜੇ ਵੀ ਬਹੁਤ ਸਾਰੇ

**ਜਸਵਿੰਦਰ**

ਅਜੇ ਵੀ ਬਹੁਤ ਸਾਰੇ ਬੀਜ ਪੁੰਗਰਨ ਨੂੰ ਮਚਲਦੇ ਨੇ।
ਭਲਾ ਇਹ ਲੋਕ ਮਿੱਟੀ ਗ਼ਮਲਿਆਂ ਦੀ ਕਿਉਂ ਬਦਲਦੇ ਨੇ।

ਇਨ੍ਹਾਂ ਗਲੀਆਂ 'ਚ ਹਾਲੇ ਘੁੰਮਦੀਆਂ ਨੰਗੇ ਬਦਨ ਰਾਤਾਂ
ਤੇ ਬੁਰਕੇ ਪਹਿਨ ਕੇ ਇਸ ਸ਼ਹਿਰ ਦੇ ਸੂਰਜ ਨਿਕਲਦੇ ਨੇ।

ਬੜਾ ਇਤਰਾਜ਼ ਹੈ ਜੰਗਲ 'ਤੇ ਪਤਝੜ ਦੇ ਵਕੀਲਾਂ ਨੂੰ
ਬਿਨਾਂ ਮਨਜ਼ੂਰੀਓਂ ਇਹ ਬਿਰਖ ਕਿਉਂ ਪੱਤੇ ਬਦਲਦੇ ਨੇ।

ਸਫ਼ਰ ਵਿਚ ਖ਼ਾਹਿਸ਼ਾਂ ਅਨੁਸਾਰ ਨਾ ਸੂਰਜ ਗਤੀ ਬਦਲੇ
ਨਾ ਪਰਛਾਵੇਂ ਹੀ ਮਨਮਰਜ਼ੀ ਦੇ ਆਕਾਰਾਂ 'ਚ ਢਲਦੇ ਨੇ।

ਬਲੇ ਜੇ ਬੀਨ ਕੋਈ ਬੇਸੁਰੀ ਤਾਂ ਚੀਖ਼ਦੈ ਜੰਗਲ
ਰਹੇ ਖ਼ਾਮੋਸ਼ ਕਿਉਂ ਜਦ ਵੀ ਸੁਰੀਲੇ ਸਾਜ਼ ਬਲਦੇ ਨੇ।

ਜੋ ਹਟ ਕੇ ਭੀੜ ਤੋਂ ਚਲਦਾ ਇਕੱਲਾ ਉਹ ਵੀ ਨਾ ਹੁੰਦਾ
ਹਜ਼ਾਰਾਂ ਕਾਫ਼ਲੇ ਸੋਚਾਂ ਦੇ ਉਸ ਦੇ ਨਾਲ ਚਲਦੇ ਨੇ।

ਤੂੰ ਦਿਲ ਦੀ ਝੀਲ ਵਿਚ ਡਿੱਗਣ ਨਾ ਦੇ ਪੱਥਰ ਨਮੋਸ਼ੀ ਦੇ
ਇਹ ਨਾ ਪਾਣੀ 'ਚ ਖੁਰਦੇ ਨੇ ਤੇ ਨਾ ਮਿੱਟੀ 'ਚ ਗਲਦੇ ਨੇ।

ਤੂੰ ਮਾਸੂਮਾਂ ਦਿਆਂ ਨੈਣਾਂ 'ਚ ਡੁੱਬ ਕੇ ਪਾਕ ਹੋ ਸਕਦੈਂ
ਇਨ੍ਹਾਂ ਝੀਲਾਂ 'ਚ ਕਾਂ ਵੀ ਹੰਸ ਬਣ ਬਣ ਕੇ ਨਿਕਲਦੇ ਨੇ।

ਕਦੇ ਦੁੱਖਾਂ ਦੇ ਭਾਰੇ ਮੀਂਹ 'ਚ ਵੀ ਨਾ ਭਿਜਦੀਆਂ ਅੱਖਾਂ
ਕਦੇ ਇੱਕੋ ਕਣੀ ਦੇ ਨਾਲ ਦਿਲ ਦਰਿਆ ਉਛਲਦੇ ਨੇ।

ਮੁਹੱਬਤ ਦੀ ਸੁਗੰਧੀ ਆਸਰੇ ਚਲਦੇ ਹਾਂ ਆਪਾਂ ਤਾਂ
ਬਥੇਰੇ ਲੋਕ ਨੇ ਜੋ ਸਿਰਫ਼ ਪੈਰਾਂ ਨਾਲ ਚਲਦੇ ਨੇ।

.......................................................

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

1 ਵੱਜਾ ਤਾਂ ਅਛੋਪਲੇ ਜਿਹੇ ਸਤਿਗੁਰੂ ਜੀ ਅਸਲੋਂ ਹੀ ਮੇਰੇ ਪਾਸ ਆ ਕੇ ਰੁੱਕ ਗਏ। ਮੇਰਾ ਧਿਆਨ ਚਰਨਾਂ ਵੱਲ ਗਿਆ: ਇਹ ਤਾਂ ਸਤਿਗੁਰੂ ਜੀ ਹਨ, ਉੱਪਰ ਤੱਕਿਆ ਤਾਂ ਆਪ ਮੁਸਕਰਾ ਰਹੇ ਸਨ ਤੇ ਮੇਰੀ ਨਮਸਕਾਰ ਪਰਵਾਨ ਕਰਨ ਵਿਸ਼ੇਸ਼ ਕਰ ਮੇਰੇ ਕੋਲ ਆਏ ਸਨ। ਮੈਂ ਸਿਰ ਝੁਕਾਇਆ, ਫਿਰ ਜੇਬ ਵਿੱਚ ਹੱਥ ਮਾਰ 5 ਦਾ ਕੜਕਵਾਂ ਨੋਟ ਕੱਢ ਭੇਂਟ ਕੀਤਾ। ਨੋਟ ਤਾਂ ਏਥੇ ਹੀ ਪਿਆ ਰਹਿਣਾ ਸੀ। ਸੱਚੇ ਪਾਤਸ਼ਾਹ ਜੀ ਤਾਂ ਫੜਨਾ ਸੰਭਾਲਣਾ ਨਹੀਂ ਸੀ।

ਆਪ ਜੀ ਬਾਹਰ ਜਾਣ ਲੱਗੇ ਤਾਂ ਮੈਂ ਦਹਿਲੀਜ਼ਾਂ ਪਾਸ ਪਹੁੰਚ ਜਾਂ ਪੁੱਛਿਆ: ਸੇਠ ਸੁਰੰਮ੍ਰਿਤ ਸਿੰਘ ਕਦੋਂ ਆ ਰਿਹਾ ਹੈ?

"24 ਮਈ ਨੂੰ!" ਅਤੇ ਏਸ ਗੱਲ ਨੂੰ ਬਹਾਨਾ ਬਣਾ ਮੈਂ ਦੱਸਿਆ: ਐਉਂ ਲਗਾ ਹੈ ਜਿਵੇਂ ਐਤਕਾਂ ਸੁਰੰਅਮ੍ਰਿਤ ਤੋਂ ਪੈਸੇ ਮਿਲਦਿਆਂ ਹੀ ਮੈਨੂੰ ਦੋ ਲੱਖ ਦਿਵਾਣਾ ਹੁੰਦਾ ਹੈ। ਉਹਦੇ ਆਉਣ ਸਮੇਂ ਮੇਰੇ ਕੋਲ ਹੋਣ ਦਾ ਹੁਕਮ ਤਾਂ ਮੈਨੂੰ ਇਹਨਾਂ ਅਰਥਾਂ ਵਿਚ ਹੀ ਲੱਗਾ ਹੈ।

ਸਤਿਗੁਰੂ ਜੀ: ਇਹਦਾ ਮਤਲਬ ਤਾਂ ਕੇਵਲ ਤੁਹਾਡੇ ਕੋਲ ਹੋਣਾ ਹੀ ਸੀ। ਤੁਹਾਡੇ ਲਈ ਰਕਮ ਵਲਾਇਤੋਂ ਆ ਰਹੀ ਹੈ। ਇਹ ਰਕਮ ਤਾਂ ਜਿਨ੍ਹਾਂ ਪਾਸੋਂ ਲਕਸ਼ਮੀ ਕਮਰਸ਼ੀਅਲ ਬੈਂਕ ਦੇ ਸ਼ੇਅਰ ਖਰੀਦਣ ਲਈ ਮੰਗੀ ਹੋਈ ਸੀ ਉਹਨਾਂ ਵਿਚ ਵੰਡਣੀ ਹੈ ਤਾਂ ਵੀ ਜੇ ਕੋਈ ਗੁੰਜਾਇਸ਼ ਨਿਕਲੀ ਤਾਂ ਤੁਹਾਨੂੰ ਦਿੱਤੀ ਜਾ ਸਕਦੀ ਹੈ।

ਅਤੇ ਸਤਿਗੁਰੂ ਜੀ ਨੇ ਮੈਨੂੰ ਉਤੋਂ 3-4 ਐਸੀਆਂ ਮਿਸਾਲਾਂ ਦੇ ਦਿੱਤੀਆਂ ਕਿ ਜਿਸ ਕਾਜ਼ ਲਈ ਰਕਮ ਰੱਖੀ ਸੀ ਉਸ ਦੇ ਵਿਚਾਲੇ ਕੰਮਾਂ ਵਿਚ ਘੜੰਮ ਵਾਂਗ ਹੋਰ ਹੀ ਮੌਕਾ ਬਣ ਗਿਆ ਅਤੇ ਪੈਸੇ ਲੈ ਗਿਆ ਜਿਵੇਂ ਸੰਤ ਰਤਨ ਸਿੰਘ ਬਾਂਦਰ ਖੂਹੀ ਵਾਲੇ ਸੁਲਖਣ ਸਿੰਘ ਨੇ ਪਾਰਟੀ ਬਣਾ ਕੇ ਲੜਨ ਝਗੜਨ ਵਾਲੇ ਸਨ। ਇਕ ਧਿਰ ਦੀ ਥਾਂ ਸੀ, ਦੂਜੀ ਧਿਰ ਮੌਕੇ ਤੇ ਕਾਬਜ਼ ਸੀ। ਦਿੱਲੀ ਦੀ ਪ੍ਰੰਪਰਾ ਮੁਤਾਬਿਕ ਕਾਬਜ਼ ਨੂੰ ਖੁਲ੍ਹੀ ਰਕਮ ਦੇ ਕੇ ਹੀ ਜਗ੍ਹਾ ਖਾਲੀ ਕਰਵਾਣੀ ਪੈਂਦੀ ਹੈ। ਕਾਬਜ਼ ਬੜਾ 40,000/- ਮੰਗਦਾ ਸੀ। ਸਿੱਖਾਂ ਵਿਚ ਕਸ਼ੀਦਗੀ ਵੇਖ 40,000/- ਦਾ ਭੁਗਤਾਨ ਸਤਿਗੁਰਾਂ ਕਰ ਦਿੱਤਾ, ਉਹੋ ਰਕਮ ਮੈਨੂੰ ਵੀ ਮਿਲ ਸਕਦੀ ਸੀ ਪਰ ਸਿੱਖਾਂ ਦੀ ਲੜਾਈ ਅਤੇ ਮੁੱਕਦਮੇ ਬਾਜ਼ੀ ਰੋਕ ਦਿੱਤੀ।

ਦੂਜੀ ਮਿਸਾਲ ਸੇਠ ਤ੍ਰਲੋਕ ਸਿੰਘ ਨੂੰ 20 ਲੱਖ ਰੁਪੈਆ ਕੇਵਲ ਉਨ੍ਹਾਂ ਨੂੰ ਬਚਾਉਣ ਲਈ ਛੱਡਣਾ ਪਿਆ, ਨਹੀਂ ਤਾਂ ਉਨ੍ਹਾਂ ਦੀ ਸਿੱਖੀ ਵੀ ਮਾਇਆ ਦੇ ਬਹਾਉ ਵਿਚ ਵਹਿ ਜਾਂਦੀ। ਸੇਠ ਸੁਰੰਅਮ੍ਰਿਤ ਲਈ ਵੀ 40 ਲੱਖ ਦੀ ਆਹੂਤੀ ਕਰਨੀ ਪਈ, ਨਹੀਂ ਤਾਂ ਫੇਰ ਕਦੀ ਵੀ ਨਾ ਮਿਲਣ ਵਾਲੇ ਹਾਲਾਤ ਪੈਦਾ ਹੋ ਜਾਂਦੇ। ਸਤਿਗੁਰੂ ਜੀ ਬਚਨ ਕੀਤਾ: ਮੈਂ ਸੋਚਿਆ, ਅੱਗੇ ਵੀ ਇਹ ਲੰਗਰ ਵਾਸਤੇ ਸੇਵਾ ਕਰਦੇ ਰਹੇ ਹਨ, ਫੇਰ ਵੀ ਕਰਦੇ ਰਹਿਣਗੇ। ਇਹ ਲੰਗਰ ਦੀ ਰਕਮ ਜੇ ਇਹਨਾਂ ਨੂੰ ਬਚਾਉਣ ਦੇ ਲੇਖੇ ਲੱਗ ਗਈ ਤਾਂ ਭਲਾ ਹੀ ਹੋਇਆ। ਸਾਡੀ ਗੱਡੀ ਤਾਂ ਕਿਸੇ ਨਾ ਕਿਸੇ ਤਰ੍ਹਾਂ ਰਿੜਦੀ ਹੀ ਜਾ ਰਹੀ ਹੈ।

ਮੈਂ ਸਤਿਗੁਰੂ ਜੀ ਨੂੰ ਏਹ ਵੀ ਦੱਸਿਆ ਕਿ ਹੰਸਪਾਲ ਜੀ ਨੂੰ ਮੈਂ ਇਕ ਦੋ ਵੇਰ ਉਸ 20,000/- ਬਾਬਤ ਵੀ ਪੁੱਛਿਆ ਹੈ ਜੋ ਆਪ ਜੀ ਨੇ ਮੇਰੇ ਲਈ ਭੇਜਿਆ ਅਤੇ ਇਹਨਾਂ ਸਕੂਲ ਉੱਤੇ ਖਰਚ ਕਰ ਛੱਡਿਆ। ਅੱਜ ਕਲ ਇਹਨਾਂ ਪਾਸ ਸਕੂਲ ਦੀ ਤਕੜੀ ਰਕਮ ਵੀ ਹੈ।

ਭਉਂ ਵਿਚ ਆਏ ਮੈਂ ਇਹ ਵੀ ਗੱਲ ਕਰ ਦਿੱਤੀ ਕਿ ਵਿਦਿਅਕ ਸੰਮੇਲਨ ਦੇ ਅੰਤ ਉੱਤੇ ਹੋਣ ਵਾਲੇ ਅਨੰਦ ਕਾਰਜਾਂ ਵਿੱਚ

ਐਤਕਾਂ ਸੁਖਬੀਰ ਦਾ ਵੀ ਵਿਆਹ ਕਰਨਾ ਹੈ। ਕਰਨਾ ਤਾਂ ਸਾਡਾ ਕਰਜ਼ ਤੇ ਹੀ ਪਰ ਆਪ ਜੀ ਦੀ ਬਖਸ਼ੀ 35000/- ਰਕਮ ਉੱਤੇ ਹੀ ਲੋਨ ਲੈ ਲਵਾਂਗੇ, ਰਕਮ ਨੂੰ ਅੰਵਾ ਨਹੀਂ ਲਗਣ ਦਿਆਂਗੇ। ਸੱਚੇ ਪਾਤਸ਼ਾਹ ਪੁੱਛਿਆ: ਵਿਆਹ ਤੇ ਕਿੰਨਾ ਕੁ ਖਰਚ ਕਰੋਗੇ? "20,000/- ਤਾਂ ਅਸੂਲੀ ਗੱਲ ਹੈ ਜੀ, ਅੱਜ ਕੱਲ ਹਰ ਚੀਜ਼ ਬਹੁਤ ਮਹਿੰਗੀ ਹੈ।" ਅਤੇ ਮੈਂ ਨਾਲ ਹੀ ਦੱਸ ਦਿੱਤਾ। ਆਡੰਬਰ ਤਾਂ ਕੋਈ ਨਹੀਂ ਕਰਨਾ ਜੀ ਪਰ ਧੀਆਂ ਤਾਂ ਬੁਲਾਵਾਂਗੇ ਹੀ ਜਾਂ ਮੇਰੇ ਦੋ ਭਰਾ ਜਿਨ੍ਹਾਂ ਵਿਆਹ ਦੇ ਬਹਾਨੇ ਹੀ ਦਿੱਲੀ ਵੇਖਣੀ ਹੈ।

ਮੈਂ ਘਰ ਜਾਣ ਨੂੰ ਤਿਆਰ ਸਾਂ ਕਿ ਸੰਤ ਤਰਸੇਮ ਸਿੰਘ ਹੁਰਾਂ ਆਗ੍ਰਹਿ ਕੀਤਾ ਕਿ ਲਓਢਾ ਵੇਲਾ ਖਾ ਪੀ ਕੇ ਘਰ ਜਾਣਾਂ ਅਤੇ 3 ਵੱਜ ਦੇ ਨੂੰ ਅਸੀਂ, ਸ੍ਰੀ ਸਤਿਗੁਰੂ ਜੀ ਦੀ ਕਾਰ ਮਗਰ ਲਗੀਆਂ 4 ਕਾਰਾਂ ਦੇ ਪਿੱਛੇ ਇਕ ਲੁਕਿਮਾਂਦਿਓ ਆਈ ਧੱਕਾ ਸਟਾਰਟ ਗੱਡੀ ਵਿਚ ਬੈਠ ਕੇ ਵਾਂਵੀਆਂ ਟੇਢੀਆਂ ਗਲੀਆਂ ਥਾਣੀ ਪਹਿਲਾ ਸੰਤ ਸਤਪਾਲ ਸਿੰਘ ਪਟਨਾ ਵਾਲਿਆਂ ਦੇ ਕਰੋਲਬਾਗ ਵਿਚਲੇ ਘਰ ਵਿਚ ਸ੍ਰੀ ਸਤਿਗੁਰੂ ਜੀ ਦੇ ਚਰਨ ਪੁਆ ਪੂਸਾ ਰੋਡ ਪਾਸ ਪਟੇਲ ਰੋਡ ਦੇ ਆਰੰਭ ਵਿਚ ਹੀ ਰਾਜਿੰਦਰ ਹੋਟਲ ਵਿਖੇ ਪਹੁੰਚ ਗਏ।

ਰਾਜਿੰਦਰਾ ਹੋਟਲ ਹੋਟਲਾਂ ਦੇ ਚੋਗਿਰਦੇ ਵਿਚ ਬਹੁਤ ਪਹਿਲਾਂ ਤੋਂ ਚਲੀ ਆਉਂਦੀ ਇਮਾਰਤ ਵਿਚ ਸ. ਸੁਰਿੰਦਰ ਸਿੰਘ ਡਾਲਟਨ ਗੰਜ ਵਾਲਿਆਂ ਨੇ ਆਪਣੇ ਸਪੁੱਤਰ ਦਰਸ਼ਨ ਸਿੰਘ ਨੂੰ ਰੁੰਨਣ ਲਈ ਸਥਾਪਤ ਕੀਤਾ ਸੀ। ਆਪ ਇਨ੍ਹਾਂ ਦੀ ਰਿਹਾਇਸ਼ ਅਤੇ ਕਾਰੋਬਾਰ ਕਰੋਲ ਬਾਗ ਵਿਖੇ ਸੀ। ਅੱਜ ਜਦੋਂ ਅਸੀਂ ਹੋਟਲ ਬਿਲਡਿੰਗ ਦੇ ਪਿਛਲੇ ਗਰਾਊਂਡ ਫਲੋਰ ਦੇ ਕਮਰਿਆਂ ਵਿਚ ਦਾਖਲ ਹੋਏ ਤਾਂ ਮਾਲੂਮ ਹੋਇਆ ਕਿ ਸ. ਸੁਰਿੰਦਰ ਸਿੰਘ ਪਰਿਵਾਰ ਨੇ ਏਥੇ ਹੀ ਰਿਹਾਇਸ਼ ਲੈ ਜਾਂਦੀ ਹੈ। ਅੰਬ, ਖਰਬੂਜ਼ੇ ਅਲੀਚੀਆਂ ਠੰਢੇ ਦੁੱਧ ਆਦਿ ਪਦਾਰਥਾਂ ਦੀ ਵਹੀਰਾਂ ਸਾਧ ਸੰਗਤ ਵੱਲ ਪੈ ਗਈਆਂ।

ਸਕੱਤਰ ਦਾ ਕੰਮ ਖਾਸ ਕਰ ਅਉਖਾ ਹੁੰਦਾ ਹੈ, ਅਸੀਂ ਜਦੋਂ ਛਕਣ ਛਕਾਣ ਵਿਚ ਗੁਲਤਾਨ ਸਾਂ, ਤਰਸੇਮ ਸਿੰਘ ਐ.ਟੀ.ਡੀ. ਤੋਂ ਸਿਰਸਾ ਮਿਲਾ ਰਿਹਾ ਸੀ। ਗੱਲਬਾਤ ਕੁਛ ਇੰਜ ਦੀ ਹੋਈ: "ਅੱਛਾ ਤੁਹਾਨੂੰ ਵੇਲੇ ਸਿਰ ਪਤਾ ਲੱਗ ਗਿਆ?

.........

"ਤੁਸੀਂ ਏਨੀ-ਏਨੀ ਦੇਰ ਨਾ ਕਰਿਆ ਕਰੋ ਫਿਰ ਸੱਚੇ ਪਾਤਸ਼ਾਹ ਜੀ ਦਾ ਜੀ ਨਹੀਂ ਲਗਦਾ।"

.....

"ਲਓ ਹੁਣ ਸਤਿਗੁਰੂ ਜੀ ਨਾਲ ਗੱਲ ਕਰ ਲਓ।"

ਏਨੇ ਚਿਰ ਤੱਕ ਸਤਿਗੁਰੂ ਜੀ ਫੋਨ ਪਾਸ ਪਹੁੰਚ ਚੁੱਕੇ ਸਨ, ਅਸਲੀ ਗੱਲ ਬਾਤ ਇੰਜ ਹੋਈ-

"ਤੁਸੀਂ ਐ.ਟੀ.ਡੀ. ਜਲਦੀ ਲੁਆਓ।"

.....

ਕਦੋਂ ਲਗੇ ਗਾ?

......

ਅਸੀਂ ਅੱਜ ਸਵੇਰੇ ਹੀ ਭੈਣੀ ਸਾਹਿਬ ਜਾ ਰਹੇ ਹਾਂ।

........

ਪਹਿਲਾਂ ਤਾਂ 25 ਤੱਕ ਏਥੇ ਹੀ ਰਹਿਣਾ ਸੀ ਪਰ ਫਿਰ ਕੋਈ ਐਸਾ ਮਸਲਾ ਆ ਗਿਆ ਕਿ ਜਾਣਾ ਜ਼ਰੂਰੀ ਹੋ ਗਿਆ।

........

ਬੈਗਲੌਂਰ ਬਾਰੇ ਕਿਵੇਂ ਹੈ, ਤੁਸੀਂ ਕਦੋਂ ਆ ਰਹੇ ਹੋ। ਤੁਹਾਡੀਆਂ ਸੀਟਾਂ 25 ਦੀਆਂ ਰਜ਼ਿਰਵ ਹਨ। ਮੈਂ 27 ਨੂੰ ਹਵਾਈ ਜਹਾਜ਼ ਤੇ ਜਾਵਾਂਗਾ।

......

ਹਾਂ, ਮਿਲਾਓ ਫਿਰ, ਉਹ ਏਥੇ ਹੀ ਆਈ ਹੋਈ ਹੈ?

.......

ਗੁੱਡੀ, ਤੈਨੂੰ ਧੁੱਪ ਨਹੀਂ ਲਗਦੀ? ਤੂੰ ਧੁੱਪੇ ਕੀ ਲੈਣ ਆਈ ਸੀ?

ਧੁੱਪ ਦੀ ਤੇਜ਼ੀ ਤੋਂ ਬਚਣਾ ਹੀ ਚਾਹੀਦਾ ਹੈ।

.......

ਫੇਰ ਕਦੋਂ ਆ ਰਹੀ ਏ। ।

ਗੱਲਬਾਤ ਦੇ ਅੰਦਾਜ਼ ਅਤੇ ਬੋਲ ਚਾਲ ਤੋਂ ਜਾਣ ਗਿਆ ਕਿ ਸੰਤ ਜਗਤਾਰ ਸਿੰਘ ਅਤੇ ਬੀਬਾ ਸਾਹਿਬ ਕੌਰ ਜੀ ਪਨਿਹਾਰੀ ਤੋਂ ਸਿਰਸੇ ਆਏ ਹੋਏ ਹਨ।

ਮੇਰੇ ਪਾਸ ਖਲੋਤੇ ਇਕ ਵੱਡੀ ਉਮਰ ਦੇ ਬੀਬੀ ਜੀ ਇਸੇ ਪਰਿਵਾਰ ਦੇ ਮੈਂਬਰ ਜਾਪਦੇ ਸਨ। ਸ. ਦਰਸ਼ਨ ਸਿੰਘ ਨੂੰ ਪੁੱਛਣ ਤੇ ਪਤਾ ਲੱਗਾ ਕਿ ਇਹ ਸੇਠ ਨਰਾਇਣ ਸਿੰਘ ਚਾਵਲਾ ਬੈਂਕੋਕ ਦੀ ਪਤਨੀ ਹਨ। ਦਰਸ਼ਨ ਸਿੰਘ ਉਨ੍ਹਾਂ ਨੂੰ ਨਾਨੀ ਜੀ ਕਹਿ ਰਿਹਾ ਸੀ।

ਟੈਲੀਫੋਨ ਦੇ ਡਾਇਲ ਘੁੰਮਦੇ ਰਹੇ ਜਦੋਂ ਮੈਂ ਦੂਜੇ ਤੀਜੇ ਅੰਦਰੋਂ ਘੁੰਮਕੇ ਆਇਆ ਤਾਂ ਤਰਸੇਮ ਸਿੰਘ ਵੀ ਫਲਾਹਾਰ ਕਰ ਰਿਹਾ ਸੀ। ਮੈਂ ਦੱਸ ਕੇ ਆ ਗਿਆ ਕਿ ਅੱਜ ਸ਼ਾਮ ਦੇ ਦੀਵਾਨ ਵਿਚ ਨਹੀਂ ਆਇਆ ਜਾ ਸਕੇਗਾ, ਹੋਰ ਪਰਿਵਾਰ ਜਨ 5 ਵਜੇ ਰਮੇਸ਼ ਨਗਰ ਨਾਮਧਾਰੀ ਧਰਮਸ਼ਾਲਾ ਵਿਖੇ ਨਾਮ ਸਿਮਰਨ ਤੇ ਕੀਰਤਨ ਸਮੇਂ ਪਹੁੰਚ ਜਾਣਗੇ।

ਸ਼ਾਮ ਨੂੰ ਜਦੋਂ ਮੇਰੀ ਪਤਨੀ ਗੁਰਬਚਨ ਕੌਰ, ਲੜਕੀ ਜਸਕਿਰਨ ਅਤੇ ਇਹਦੀ ਸਹੇਲੀ ਜੱਗੀ (ਹਰੀ ਨਗਰ ਘੰਟਾ ਘਰ) ਦੀਵਾਨ ਵਿਚੋਂ ਆਈਆਂ ਤਾਂ ਮੇਰੀ ਪਤਨੀ ਨੇ ਦੱਸਿਆ: ਸੱਚੇ ਪਾਤਸ਼ਾਹ ਜੀ ਨੇ ਸਾਰੀ ਸੰਗਤ ਨੂੰ ਬਚਨ ਕੀਤਾ ਹੈ ਕਿ ਮੇਰੇ ਨਾਲ ਤਾਂ ਭਾਵੇਂ ਲੜ ਝਗੜ ਲਿਆ ਕਰੋ ਪਰ ਬਿਅੰਤ ਕੌਰ (ਪ੍ਰਿੰਸੀਪਲ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ) ਨੂੰ ਕੁਛ ਨ ਕਿਹਾ ਕਰੋ। ਉਹ ਜਿਹੜਾ ਕੰਮ ਕਰ ਰਹੀ ਹੈ, ਉਹਦਾ ਤੁਹਾਨੂੰ ਅੱਜ ਪਤਾ ਨਹੀਂ ਲੱਗ ਰਿਹਾ, ਕੁਝ ਸਾਲਾਂ ਬਾਅਦ ਉਹਦੇ ਕੰਮ ਦੇ ਸਿੱਟੇ ਦਾ ਪਤਾ ਲੱਗੇਗਾ।

ਮੈਨੂੰ ਪਤਾ ਲੱਗਾ ਸੀ ਕਿ ਬੀਬੀ ਬਿਅੰਤ ਕੌਰ ਨੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਇਕ ਬੇਨਤੀ ਪੱਤਰ ਲਿਖ ਕੇ ਰੱਖਿਆ ਸੀ ਕਿ ਸੱਤ ਸਾਲ ਉਸਨੇ ਸੇਵਾ ਨਿਬਾਹ ਦਿੱਤੀ ਹੈ, ਹੁਣ ਕਿਸੇ ਹੋਰ ਨੂੰ ਪ੍ਰਿੰਸੀਪਲੀ ਦੀ ਸੇਵਾ ਬਖਸ਼ੀ ਜਾਉ।
ਇਹ ਗੱਲ ਬਾਤ ਉਸੇ ਦੇ ਆਧਾਰ ਤੇ ਸੀ।

ਸੰਤੋਖ ਸਿੰਘ ਸਾਜਨ, ਬੜਾ ਅੱਛਾ ਗਜ਼ਲ ਗੋ ਹੈ, ਮੈਂ ਲੰਮੇ ਸਮੇਂ ਤੋਂ ਇਸਨੂੰ ਸੁਣ ਨਹੀਂ ਸਾਂ ਸਕਿਆ ਸੁ ਘਰ ਲੈ ਆਇਆ।


ਘਰ ਪਰਿਵਾਰ ਦੇ ਲੋਕ ਕਿਉਂਕਿ ਦੀਵਾਨ ਨੂੰ ਚਲੇ ਗਏ ਸਨ ਸੁ ਮੈਨੂੰ ਤੇ ਇਸਨੂੰ ਕਾਫ਼ੀ ਇਕਾਂਤ ਮਿਲ ਗਈ। ਗਜ਼ਲਾਂ ਤਾਂ ਇਸਨੇ ਸੁਣਾਈਆਂ ਹੀ ਪਰ ਇੰਜ ਹੋਰ ਗੱਲ ਜੁ ਉਸ ਦੱਸੀ ਉਹ ਮੇਰੇ ਨੋਟ ਕਰਨ ਵਾਲੀ ਸੀ। ਸਾਜਨ ਸ੍ਰੀ ਸਤਿਗੁਰੂ ਜੀ ਨਾਲ ਅਜੇ ਦੁਬਿਧਾ ਵਿਚ ਖੇਡਦਾ ਹੈ ਕਦੇ ਸ. ਵਰਿਆਮ ਸਿੰਘ ਬੈਂਕੋਕ ਉਸਨੂੰ ਆਪਣਾ ਬਹੁਤ ਹਿਤੂ ਅਤੇ ਜੜਾਂ ਲਗਾਣ ਵਾਲਾ ਜਾਪਦਾ ਹੈ ਕਦੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਮਹਾਨਤਾ, ਉਦਾਰਤਾ ਅਤੇ ਸਹਿਯੋਗ ਆਕਰਸ਼ਤ ਕਰਦਾ ਹੈ ਪਰ ਬਿਪਤਾ ਸਮੇਂ ਕਿਵੇਂ ਇਹੋ ਸਤਿਗੁਰੂ ਯਾਦ ਆਏ ਤੇ ਸਹਾਇਕ ਸਾਬਤ ਹੋਏ ਇਸਦੀ ਵਾਰਤਾ ਉਸ ਇੰਜ ਸੁਣਾਈ:

ਤੁਹਾਨੂੰ ਪਤਾ ਹੈ ਏਸੇ ਮਹੀਨੇ ਦੀ 9 ਤਾਰੀਖ ਨੂੰ ਅਸੀਂ ਕੈਸੀ ਬਿਪਤਾ ਦੇ ਮੂੰਹ ਆਏ ਸਾਂ। ਜਦੋਂ ਮੈਨੂੰ ਘਰ ਆਇਆ ਨੂੰ ਪਤਾ ਲੱਗਾ ਕਿ ਮੇਰੀ ਥਾਈਲੈਂਡ ਵਾਲੀ ਨੂੰਹ ਰੂਪਿੰਦਰ ਕਿਵੇਂ ਬਜ਼ੋਰੀ ਘਰ ਪਰਿਵਾਰ ਚੋਂ ਨਿਕਲ ਆਈ ਤੇ ਦਿੱਲੀ ਨੂੰ ਬੱਸੇ ਚੜ੍ਹ ਗਈ ਹੈ ਤਾਂ ਮੇਰੇ ਮਸਤਕ ਨੇ ਫੋਰਨ ਵਿਉਂਤ ਕੀਤੀ ਅਤੇ ਅਸਾਂ ਸਾਰਿਆਂ ਤੁਹਾਡੇ ਘਰ ਨੂੰ ਸਾਰੀ ਖ਼ਬਰ ਸਾਰ ਦਾ ਕੇਂਦਰ ਹੈ ਕੀਤਾ ਤੇ ਮੈਂ ਤੁਹਾਡਾ ਫੋਨ ਨੰ. ਸਭਨਾਂ ਨੂੰ ਦੇ ਕੇ ਢੂੰਡ ਦੀ ਲੜਾਈ ਆਰੰਭੀ। ਸਭ ਤੋਂ ਪਹਿਲਾਂ ਮੈਂ ਹੀ ਦਿੱਲੀ ਵਾਸਤੇ ਤੁਰਨਾ ਸੀ। ਸ਼ਾਮ ਦੀ ਬੱਸ ਦਿੱਲੀ ਨੂੰ ਲੈਣ ਲੱਗਿਆ ਮੈਂ ਭਿੱਜੀ ਅਖੀਂ ਅਰਦਾਸ ਕੀਤੀ। ਅਤੇ ਅਰਦਾਸ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਹਾਜ਼ਰ ਨਾਜ਼ਰ ਜਾਣ ਤਰਲਾ ਲਿਆ, ਮੇਰੀ ਮਦਦ ਕਰੋ, ਮੈਨੂੰ ਹੋਰ ਭੈਜਲਾਂ ਵਿਚ ਨਾ ਪਾਇਓ, ਸਾਡਾ ਨੰਗ ਪੜਦਾ ਢਕਿਆ ਰਹੇ। ਜੋ ਕੁਛ ਹੋ ਗਿਆ ਸੁ ਹੋ ਗਿਆ, ਆਪ ਸਹਾਈ ਹੋਵੇ ਦਿਨ ਚੜ੍ਹਦੇ ਨੂੰ ਮੇਰੀ ਨੂੰਹ ਸਾਨੂੰ ਮਿਲੀ ਹੋਵੇ।

ਭਾਵੇਂ ਅਰਦਾਸ ਵਿਚ ਯਕੀਨ ਸੀ ਪਰ ਭਟਕਣਾ ਤਾਂ ਬੰਦੇ ਦੀ ਰਹਿੰਦੀ ਹੀ ਹੈ ਨ ਜਦ ਤੱਕ ਫਲ ਦੀ ਪ੍ਰਾਪਤੀ ਨਾ ਹੋਵੇ। ਅੱਗੇ ਤਾਂ ਸਾਰੀ ਗੱਲ ਹੀ ਤੁਹਾਡੇ ਘਰ ਵਾਪਰੀ।

**ਚਲਦਾ...**

# ਅੱਖੀਂ ਡਿੱਠਾ ਕਿੱਸਾ ਕੀਤਾ



**(ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਚੋਂ)**

**ਸੰਪਾਦਕ: ਸੁਵਰਨ ਸਿੰਘ ਵਿਰਕ**
**9996371716**

ਉਸ ਵੇਲੇ ਤੋਂ ਮੇਰੇ ਪਿਤਾ ਜੀ ਦੀ ਬਿਰਤੀ ਐਸੀ ਹੋਈ ਤੇ ਲਗਨ ਐਸੀ ਲਗੀ ਕਿ ਸਾਡੇ ਦਾਦਾ ਜੀ ਦਾ ਸ਼ਾਹੂਕਾਰਾ ਬੜਾ ਵਿਸਤਾਰ ਵਿਚ ਸੀ, ਇਸ ਵੇਲੇ ਗੋਪੀ ਚੰਦ ਟੈਕਸਟਾਈਲ (ਸਰਸਾ) ਮਿਲ ਵਾਲਿਆਂ ਦਾ ਜੋ ਘਰਾਣਾ ਹੈ, ਇਹਨਾਂ ਦੇ ਮੁਕਾਬਲੇ ਦਾ ਸਾਡਾ ਘਰ ਸੀ। ਪਰ ਸਾਡੇ ਪਿਤਾ ਜੀ ਨੇ ਉਸ ਵੇਲੇ ਸਭ ਕੁਝ ਨਾਮਧਾਰੀ ਸਮਾਜ ਦੇ ਪਰਚਾਰ ਤੇ ਪਰਸਾਰ ਉੱਤੇ ਲਾ ਦਿਤਾ। ਏਥੋਂ ਤਕ ਕਿ ਸਾਡੇ ਪਿਤਾ ਜੀ ਨੂੰ ਕੂਕਾ ਹੋਣ ਦੇ ਦੋਸ਼ ਤੋਂ ਕਾਠ-ਬੰਦ ਦੀ ਸਜ਼ਾ ਮਿਲੀ। ਸਾਡੇ ਪਿਤਾ ਜੀ ਦੇ ਪਹਿਲੇ ਸਹੁਰੇ ਸਰਕਾਰੀ ਮਸ਼ੀਨਰੀ ਵਿਚ ਸਨ, ਉਹਨਾਂ ਤੇ ਦਬਾਅ ਪਿਆ ਤਾਂ ਉਹਨਾਂ ਕਿਹਾ, ਸਾਡੇ ਤਾਂ ਇਹ ਆਖੇ ਨਹੀਂ ਲਗਦਾ, ਤੁਸੀਂ ਜੋ ਮਰਜ਼ੀ ਸਜ਼ਾ ਦਿਓ। ਤਾਂਕਿ ਇਹ ਘਰ ਰਹੇ ਤੇ ਖਾਵੇ ਕਮਾਵੇ ਅਤੇ ਸਾਡੀ ਲੜਕੀ ਸੁਖੀ ਵਸੇ। ਪਰ ਸਾਡੇ ਪਿਤਾ ਜੀ ਆਪਣੀ ਲਗਨ ਤੋਂ ਨਾ ਮੁੜੇ ਅਤੇ ਸਾਡੀ ਪਹਿਲੀ ਮਾਂ ਦਾ ਛੱਡ ਛੁਡਾ ਹੋ ਗਿਆ। ਉਸ ਦਾ ਨਾਂ ਯਾਦ ਨਹੀਂ। ਸਤਿਗੁਰੂ ਹਰੀ ਸਿੰਘ ਜੀ ਨੇ ਬੜਾ ਜਤਨ ਕੀਤਾ ਕਿ ਲੜਕੀ ਆਪਣੇ ਘਰ ਆ ਜਾਏ ਪਰ ਉਹ ਬਜ਼ਿਦ ਰਹੇ ਕਿ ਅਸਾਂ ਨਹੀਂ ਘੱਲਣੀ। ਸਗੋਂ ਉਹਨਾਂ ਦੇ ਘਰ ਵਾਲਿਆਂ ਕਿਹਾ ਕਿਹਾ ਕਿ ਜਦੋਂ ਇਸ ਮਲੰਗ ਨਾਲ ਕੋਈ ਵਿਆਹ ਕਰਵਾਏਗਾ ਉਦੋਂ ਵੇਖਾਂਗੇ ਕਿ ਕਿਵੇਂ ਹੁੰਦਾ ਹੈ।

ਸਤਿਗੁਰਾਂ ਦੀ ਕਿਰਪਾ ਨਾਲ ਰਿਸ਼ਤਾ ਵੀ ਫਿਰ ਛੇਤੀ ਹੀ ਹੋ ਗਿਆ। ਸਾਡੇ ਪਿਤਾ ਜੀ ਜਦੋਂ ਪਿੰਡ ਟੇਹੀ ਜਵੰਦ ਸਿੰਘ (ਤਹਿਸੀਲ ਪਾਕਪਟਨ, ਜ਼ਿਲ੍ਹਾ ਮਿੰਟਗੁਮਰੀ, ਪਾਕਿਸਤਾਨ) ਵੱਲ ਗਏ ਕਿਸੇ ਅਸਾਮੀ ਤੋਂ 32 ਰੁਪਏ ਲੈਣ ਵਾਸਤੇ, ਤਾਂ ਸਾਡੇ ਨਾਨਾ ਬਾਬਾ ਜਵਾਹਰ ਸਿੰਘ ਜੀ, ਜੋ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਜਾਣ ਸਮੇਂ ਤੋਂ ਪਿੱਛੋਂ ਦੇ ਸਿੱਖ ਸਨ। ਹੋਰ ਵੀ ਕਈ ਪਰਵਾਰ ਉਦੋਂ ਸਿੰਘ ਸਜੇ, ਕੋਟ ਹੀਰਾ ਸਿੰਘ ਵਾਲੇ ਦ, ਜਿਨ੍ਹਾਂ ਦੀ ਔਲਾਦ ਸ. ਹਰਨਾਮ ਸਿੰਘ, ਸੁੱਖਾ ਸਿੰਘ, ਹਰ ਸਿੰਘ ਆਦਿ ਹੈ, ਉਸ ਵੇਲੇ ਮੇਰੇ ਮਾਸੜ ਜੀ ਬਾਬਾ ਵਸਾਵਾ ਸਿੰਘ, ਸਾਵਣ ਸਿੰਘ, ਹਜ਼ਾਰਾ ਸਿੰਘ, ਸ਼ੇਰ ਸਿੰਘ ਆਦਿ ਹਰਿਦੁਆਰ ਦੀ ਯਾਤਰਾ ਤੋਂ ਮੁੜਦਿਆਂ ਭੈਣੀ ਸਾਹਿਬ ਲਈ ਖੰਨੇ ਤੋਂ ਗੱਡੀਓਂ ਉਤਰੇ। ਇਹਨਾਂ ਨੂੰ ਪਤਾ ਲਗਾ ਸੀ ਕਿ ਗੁਰੂ ਨਾਨਕ ਦੀ ਗੱਦੀ ਦੇ ਵਾਰਸ ਗੁਰੂ ਰਾਮ ਸਿੰਘ ਭੈਣੀ ਸਾਹਿਬ ਵਿਚ ਪਰਗਟੇ ਤੇ ਜਲਵਾੜਨ ਹੋ ਗਏ ਤੇ ਹੁਣ ਉਨ੍ਹਾਂ ਦੇ ਏਥੇ ਭਾਈ ਹਨ, ਤੇ ਭੈਣੀ ਸਾਹਿਬ ਏਥੋਂ ਨੇੜੇ ਹੈ।

ਉਹ ਦਰਸ਼ਨ ਮੇਲੇ ਕਰਨ ਵਾਸਤੇ ਭੈਣੀ ਸਾਹਿਬ ਗਏ। ਉਹ ਉਥੋਂ ਨਾਮਧਾਰੀ ਬਣ ਕੇ ਆਏ। ਉਸ ਵੇਲੇ ਨਾਮਧਾਰੀ ਲਹਿਰ ਜ਼ੋਰਾਂ ਤੇ ਸੀ । ਨਾਮਧਾਰੀ, ਨਾਮਧਾਰੀ ਨੂੰ ਮਿਲ ਕੇ ਬਹੁਤ ਖ਼ੁਸ਼ ਹੁੰਦਾ ਸੀ। ਸਾਡੇ ਨਾਨਾ ਬਾਬਾ ਜਵਾਹਰ ਸਿੰਘ ਜੀ, ਉਹਨਾਂ ਸਾਡੀ ਨਾਨੀ ਨੂੰ ਆਖਿਆ ਕਿ ਸਿਖ ਤਾਂ ਲੱਭਦੇ ਨਹੀਂ, ਸੁਭਾਵਕ ਹੀ ਅੱਜ ਇਕ ਜਣਾ ਆਇਐ, ਮੇਰੇ ਕੋਲ ਤੇ ਸੱਤ ਲੜਕੀਆਂ, ਇਹਦਾ ਅਨੰਦ ਕਾਰਜ ਅਸੀਂ ਇਹਦੇ ਨਾਲ ਕਰ ਦੇਈਏ। ਮੇਰੇ ਪਿਤਾ ਨੂੰ ਉਨ੍ਹਾਂ ਵਿਆਹ ਕਰਵਾਣ ਲਈ ਆਖਿਆ। ਪਿਤਾ ਜੀ ਨੇ ਆਖਿਆ: ਮੈਂ ਤਾਂ ਅੱਗੇ ਹੀ ਘਰ ਪਰਵਾਰ ਛੱਡ ਕੇ ਆਇਆਂ, ਮੈਂ ਤਾਂ ਸਾਧ ਸੰਗਤ ਨਾਲ ਹੀ ਚੱਲਾਂ, ਫਿਰਾਂਗਾ। ਮੇਰਾ ਵਿਹਾਰ ਕਿਵੇਂ ਚੱਲੇਗਾ। ਮੇਰੇ ਨਾਨਾ ਜੀ ਨੇ ਕਿਹਾ ਕਿ ਚਲੋ ਸਲਾਹ ਕਰ ਲੈਂਦੇ ਹਾਂ। ਪੁਰਾਣੇ ਰੀਤੀ ਰਿਵਾਜ ਸਨ। ਨਾਨਾ ਜੀ ਨੇ ਕਿਹਾ ਕਿ ਉਹ ਤਾਂ ਸੰਕਲਪ ਕਰ ਬੈਠੇ ਹਨ ਲੜਕੀ ਗੁਰਮੁਖ ਸਿੰਘ ਨਾਲ ਵਿਆਹੁਣ ਦਾ। ਪਿਤਾ ਜੀ ਨੇ ਫਿਰ ਕਿਹਾ: ਮੈਂ ਸਾਧ ਸੰਗਤ ਦੀ ਸੇਵਾ ਕਰਨੀ ਹੈ। ਮੈਂ ਇਸ ਪਾਸੇ ਸਭ ਕੁਝ ਲਾ ਬੈਠਾਂ, ਕਬੀਲਦਾਰੀ ਵਿਚ ਖ਼ਰਚੇ ਦੀ ਜ਼ਰੂਰਤ ਹੁੰਦੀ ਹੈ। ਅੰਤ ਨੂੰ ਗੁਰੂ ਹਰੀ ਸਿੰਘ ਜੀ ਤਕ ਇਹ ਗੱਲ ਗਈ। ਨਾਨਾ ਜੀ ਨੇ ਆਪਣੇ ਕੀਤੇ ਹੋਏ ਸੰਕਲਪ ਬਾਰੇ ਦੱਸਿਆ।

ਗੁਰੂ ਹਰੀ ਸਿੰਘ ਜੀ ਨੇ ਆਖਿਆ ਕਿ ਇਹ (ਮੇਰਾ ਪਿਤਾ) ਤਾਂ ਪਹਿਲਾਂ ਵੀ ਵਿਆਹਿਆ ਹੋਇਆ ਹੈ, ਸਾਨੂੰ ਟੋਹ ਲੈਣ ਦਿਓ, ਫਿਰ ਵਿਚਾਰ ਕਰਾਂਗੇ। ਸਤਿਗੁਰੂ ਜੀ ਨੇ ਪਹਿਲੇ ਸੰਬੰਧੀਆਂ ਵਲ ਸਿੱਖ ਘੱਲੇ। ਉਹਨਾਂ ਵਲੋਂ ਖ਼ੁਸ਼ਕ ਜਵਾਬ ਆਉਣ ਤੇ ਫਿਰ ਸਤਿਗੁਰੂ ਜੀ ਨੇ ਮੇਰੇ ਪਿਤਾ ਦਾ ਅਨੰਦ ਕਾਰਜ ਕਰ ਹੀ ਦਿਤਾ। ਇਸ ਸਾਡੀ ਮਾਤਾ ਦਾ ਨਾਮ ਲਛਮੀ ਬਾਈ ਸੀ। ਇਹਨਾਂ ਦੇ ਸਨ ਚਾਰ ਸਪੁੱਤਰ: ਸਾਡੇ ਵੱਡੇ ਭਾਈ ਨਰਾਇਣ ਸਿੰਘ ਜੀ (ਸਵਰਗਵਾਸੀ), ਇਹਨਾਂ ਦੇ ਲੜਕੇ ਹਨ ਦਿੱਲੀ ਵਿਚ ਸੰਤ ਰਤਨ ਸਿੰਘ ਜੀ ਜੋ ਕਿ ਮੰਡੀ (ਹਿਮਾਚਲ) ਜ਼ਿਲੇ ਦੇ ਸੁਕੇਤ ਨਾਮੀ ਥਾਂ ਤੇ ਰਹਿੰਦੇ ਅਤੇ ਸਤਿਗੁਰੂ ਜੀ ਦੇ ਲਾਂਗਰੀ ਦੇ ਤੌਰ ਤੇ ਵੀ ਕੁਝ ਸਮਾਂ ਸੇਵਾ ਕਰਦੇ ਰਹੇ। ਵਿਹਾਰ ਆਪਣਾ ਕਰਕੇ ਸੁਕੇਤ ਹੀ ਸੇਵਾ ਕਰਦੇ ਸਨ ਗੁਰੂ ਘਰ ਦੀ। ਉਹਨਾਂ ਤੋਂ ਛੋਟੇ ਸਨ ਸ. ਕਰਤਾਰ ਸਿੰਘ ਮਿੰਟਗੁਮਰੀ ਟ੍ਰਾਂਸਪੋਰਟ ਵਾਲੇ। ਇਹਨਾਂ ਤੋਂ ਛੋਟਾ ਮੈਂ ਹਾਂ।

ਚਾਰ ਸਾਡੀਆਂ ਭੈਣਾਂ ਸਨ। ਦੋ ਹਵੇਲੀ ਲੱਖਾ ਜ਼ਿਲਾ ਮਿੰਟਗੁਮਰੀ ਵਿਚ ਵੱਡੀ ਬੁੱਧਾਂ ਸ. ਟੇਕ ਸਿੰਘ ਹਵੇਲੀ ਲੱਖਾ (ਸ. ਭਗਤ ਸਿੰਘ ਮਹਿੰਦਰ ਸਿੰਘ ਸਰਨਾ ਦੇ ਪਿਤਾ) ਬੇਬੇ ਹਰ ਕੋਰ ਕੋਟ ਹੀਰਾ ਸਿੰਘ ਵਿਆਹੇ ਸਨ। ਪ੍ਰੇਮ ਕੌਰ, ਹਵੇਲੀ ਟੇਕ ਸਿੰਘ ਹੁਰਾਂ ਦੇ ਛੋਟੇ ਭਰਾ ਸ. ਲਛਮਣ ਸਿੰਘ ਹੁਰਾਂ ਨਾਲ ਵਿਆਹੀ ਸੀ ਜਿਨ੍ਹਾਂ ਦੇ ਐਸ ਵੇਲੇ ਲੜਕੇ ਸ. ਕਰਮ ਸਿੰਘ ਪਟਵਾਰੀ, ਸ. ਓਅੰਕਾਰ ਸਿੰਘ ਦਿੱਲੀ ਆਦਿ ਹਨ। ਇਨ੍ਹਾਂ ਤੋਂ ਛੋਟੀ ਸੀ ਬੀਬੀ ਕਾਹਨੋਂ ਬਾਈ। ਇਸਨੂੰ ਨਾਮਧਾਰੀ ਪੰਥ ਵਿਚ ਬਹੁਤ ਲੋਕ ਜਾਣਦੇ ਹਨ।

**ਸੰਤ ਸੁੰਦਰ ਸਿੰਘ ਜੀ ਫਰੀਦ ਸੰਤ ਨਗਰ**

ਬਾਬਾ ਫ਼ਰੀਦ ਦੇ ਨਾਂ ਨਾਲ ਨਾਮਧਾਰੀਆਂ ਵਿਚ ਪ੍ਰਸਿੱਧ ਇਸ ਵਿਅਕਤੀ ਨੂੰ ਮੈਂ 27 ਸਤੰਬਰ, 1979 ਨੂੰ, ਉਹਨਾਂ ਦੇ ਡੇਰੇ ਸੰਤ ਨਗਰ ਵਿਚ ਜਾ ਕੇ ਮਿਲਿਆ। ਕੱਚੇ ਕੋਠਿਆਂ ਤੇ ਬਣੇ ਕੱਚੇ ਚੁਬਾਰੇ ਵਿਚ ਉਹ ਸੰਖੇਪ ਜਿਹੇ ਸਾਮਾਨ ਵਿਚ ਬੈਠੇ ਸਨ। ਫਰੀਦ ਜੀ ਨੂੰ ਮੈਂ ਆਪਣੇ ਬਚਪਨ ਤੋਂ ਜਾਣਦਾ ਹਾਂ। ਉਹ ਸੰਤ ਆਲਾ ਸਿੰਘ ਜੀ ਦੇ ਜਥੇ ਨਾਲ ਭੈਣੀ ਸਾਹਿਬ ਆਉਂਦੇ। ਕਥਾ ਵਾਰਤਾ ਤੇ ਪਾਠ ਆਦਿ ਦਸਮ ਦੇ ਕਰਨ ਵਿਚ ਉਹਨਾਂ ਦੀ ਦਿਲਚਸਪੀ ਸੀ। ਫਿਰ ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੀਵਾਨਾਂ ਵਿਚ ਆਪ ਪੁਸਤਕ ਪਾਠ ਕਰਦੇ, ਸਤਿਗੁਰੂ ਜੀ ਉਸ ਦੀ ਵਿਆਖਿਆ ਕਰਦੇ। ਉਪਰੰਤ ਸਤਿਗੁਰੂ ਜਗਜੀਤ ਸਿੰਘ ਜੀ ਦਾ ਸੁਨੇਹ ਵੀ ਉਹਨਾਂ ਨੂੰ ਪ੍ਰਾਪਤ ਹੋਇਆ। ਅੱਜ ਉਹ 85 ਸਾਲ ਉਮਰ ਦੇ ਹਨ। ਸੰਤ ਨਗਰ ਵਿਚ ਉਹਨਾਂ ਦਾ ਡੇਰਾ ਸਾਧੂਆਂ ਦੇ ਡੇਰੇ ਦੇ ਤੌਰ ਤੇ ਜਾਣਿਆ ਜਾਂਦਾ ਹੈ ਜਿਥੇ ਦੁਪਹਿਰੇ ਨਿਤਨੇਮ ਤੇ ਕਥਾ ਨਿਰੰਤਰ ਹੁੰਦੀ ਹੈ। ਸ਼ਰਧਾਲੂ ਜਾ ਕੇ ਉਸ ਤੋਂ ਲਾਭ ਉਠਾਉਂਦੇ ਹਨ।

ਮੈਂ ਉਹਨਾਂ ਨੂੰ ਮਿਲ ਕੇ ਕੁਝ ਸਵਾਲ ਕੀਤੇ। ਉਹਨਾਂ ਦੇ ਜਵਾਬਾਂ ਦਾ ਸਿਲਸਿਲਾ ਇਸ ਪ੍ਰਕਾਰ ਹੈ:

**ਜਨਮ ਤੇ ਜਨਮ ਨਗਰ:**

ਮੇਰੇ ਪਿਤਾ ਦਾ ਨਾਂ ਲਾਲ ਸਿੰਘ ਅਤੇ ਮਾਤਾ ਦਾ ਨਾ ਜਮੁਨਾ ਦੇਈ ਸੀ। ਰਹਿਣ ਦਾ ਨਗਰ ਮੱਕੀ ਜ਼ਿਲਾ ਸ਼ੇਖੂਪੁਰਾ ਹੈ।

ਮੈਂ ਛੋਟਾ ਹੁੰਦਾ ਸਿਆਮ ਗਿਆ ਸੀ। ਬੈਂਕੌਂਕ ਵਿਚ। ਉਸ ਵੇਲੇ ਮੇਰੀ ਉਮਰ ਅਠਾਰਾਂ ਸਾਲ ਸੀ। ਉਥੇ ਮੈਂ ਪੰਜ ਸਾਲ ਰਿਹਾ। ਇਹਨਾਂ ਸਾਲਾਂ ਵਿਚ ਸੰਤ ਧਿਆਨ ਸਿੰਘ ਜੀ ਵਰਨਾ ਵਾਲੇ ਉਥੇ ਗਏ ਸਨ। ਇਹ ਸੁਨਿਆਰੇ ਸਿਖ ਸਨ। ਮਾਤਾ ਜੀਵਣ ਕੌਰ ਜੀ ਇਹਨਾਂ ਨੂੰ ਭਾਈ ਗੁਰਦਾਸ ਦਾ ਅਵਤਾਰ ਸਮਝਦੇ ਹੁੰਦੇ ਸਨ। ਮੇਰੇ ਦੋ ਸਾਲ ਰਹਿਣ ਪਿੱਛੋਂ ਸੰਤ ਧਿਆਨ ਸਿੰਘ ਜੀ ਬੈਂਕੋਕ ਗਏ। ਤਿੰਨ ਸਾਲ ਮੈਂ ਉਹਨਾਂ ਦੇ ਨਾਲ ਰਿਹਾ ਹਾਂ। ਉਹਨਾਂ ਤੋਂ ਭਜਨ ਪੁਛਿਆ ਸੀ ਮੈਂ। ਉਹ ਕਥਾ ਏਡੀ ਸੁਹਣੀ ਕਰਦੇ ਸਨ, ਪਾਠ ਏਡਾ ਸੁਹਣਾ ਕਰਦੇ ਸਨ ਕਿ ਦੂਰ ਦੂਰ ਸੁਣਿਆ ਜਾਂਦਾ ਸੀ। ਅਵਾਜ਼ਾ ਇੰਨਾ ਸੁਹਣਾ ਸੀ ਕਿ ਲੋਕ ਕੋਲ ਬੈਠਿਆਂ ਸੁਣ ਕੇ ਪ੍ਰਸੰਨ ਹੁੰਦੇ। ਸਿਆਮੀ ਲੋਕ ਜਿਨ੍ਹਾਂ ਨੂੰ ਸਾਡੀ ਬੋਲੀ ਦੀ ਸਮਝ ਨਹੀਂ, ਉਹ ਵੀ ਜਦੋਂ ਸੰਤ ਕਥਾ ਕਰਦੇ, ਗਲੀਆਂ ਵਿਚ ਖਲੋ ਕੇ ਉਹਨਾਂ ਦੀ ਆਵਾਜ਼ ਸੁਣਦੇ। ਓਥੇ ਜਾ ਕੇ ਉਹਨਾਂ ਨੇ ਜਿੰਨੇ ਸਰੀਰ ਪੰਜਾਬੀ ਗਏ ਹੋਏ ਸਨ, ਨਾਮਧਾਰੀਏ ਵੀ ਤੱਕ ਜਿਹੜੇ ਸਨ, ਸਾਰੇ ਹੀ ਖਾਂਦੇ ਪੀਂਦੇ ਸਨ ਕਿਸੇ ਕਿਸੇ ਦਾ ਹੀ ਪ੍ਰਹੇਜ਼ ਸੀ। ਸੰਤਾਂ ਨੇ ਜਾ ਕੇ ਉਥੇ ਸਿੱਧੀਆਂ ਦਸਤਾਰਾਂ ਕਰਵਾਈਆਂ, ਸੰਤਾਂ ਨੇ ਉਥੇ ਦੀਵਾਨ ਲਾਣੇ, ਕਥਾ ਸੁਣਾਉਣੀ, ਉਥੋਂ ਫਿਰ ਨਾਮਧਾਰੀਆਂ ਦਾ ਕੰਮ ਜ਼ਿਆਦਾ ਵਧਿਆ ਸੀ। ਮੇਰੇ ਭਾਈ ਇਕਬਾਲ ਸਿੰਘ ਨੇ ਦੱਸਿਆ ਸੀ ਕਿ ਉਸ ਵੇਲੇ ਸੰਨ ਈ: 1909 ਸੀ ਜਦੋਂ ਮੈਂ ਬੈਂਕਾਕ ਪਹੁੰਚਾ ਸੀ।

**ਭਜਨ ਪੁੱਛਣਾ:**

ਮੈਂ ਇਕ ਵਾਰ ਸੰਤਾਂ ਅਗੇ ਪ੍ਰਸ਼ਨ ਕੀਤਾ ਕਿ ਜਦੋਂ ਤੁਸੀਂ ਦੀਵਾਨ ਲਾਉਂਦੇ ਓ, ਮਸਤਾਨੇ ਕਿਵੇਂ ਹੋ ਜਾਂਦੇ ਓ ? ਉਹ

ਆਂਹਦੇ ਨੇ ਤੈਨੂੰ ਦਸਨੇ ਆਂ, ਨੇੜੇ ਕਰਕੇ, ਮੈਨੂੰ ਕੰਨ ਵਿਚ ਭਜਨ ਦੱਸਿਆ। ਆਖਣ ਲੱਗੇ: ਇਹ ਚੀਜ਼ ਏ, ਤੂੰ ਜਪਣ ਲੱਗੇਂਗਾ ਤਾਂ ਤੈਨੂੰ ਪਤਾ ਲਗ ਜਾਵੇਗਾ ਕਿ ਕਿਸ ਤਰ੍ਹਾਂ ਮਸਤਾਨੇ ਹੁੰਦੇ ਨੇ ਨਾਮਧਾਰੀ।ਮੈਂ ਫਿਰ ਉਧਰ ਲਗ ਪਿਆ। ਫਿਰ ਉਹ ਵੀ ਬਚਨ ਪੂਰਾ ਹੋ ਗਿਆ, ਮੇਰੀ ਹਾਲਤ ਮਸਤਾਨਿਆਂ ਵਾਲੀ ਹੋ ਜਾਇਆ ਕਰੇ, ਜਦੋਂ ਉਹ ਕੀਰਤਨ ਕਰਨ, ਸਾਧ ਸੰਗਤ ਕੀਰਤਨ ਕਰਿਆ ਕਰੇ।

ਤਿੰਨ ਸਾਲ ਮੈਂ ਉਹਨਾਂ ਦੀ ਸੰਗਤ ਉਥੇ ਕੀਤੀ। ਉਸ ਤੋਂ ਬਾਅਦ ਫਿਰ ਏਥੇ (ਭਾਰਤ) ਆ ਗਏ। ਹਾਲਾਂਕਿ ਸੰਤ ਧਿਆਨ ਸਿੰਘ ਜੀ ਬੜਾ ਪਿਆਰ ਕਰਿਆ ਕਰਦੇ ਸਨ, ਮੈਂ ਓਥੋਂ ਆ ਕੇ ਰਾਜ਼ੀ ਨਹੀਂ ਸਾਂ, ਸਾਰੇ ਸੰਬੰਧੀ ਤੁਰ ਆਏ ਸਨ। ਮੇਰੇ ਚਾਚਾ ਈਸ਼ਰ ਸਿੰਘ ਜੀ, ਜਿਨ੍ਹਾਂ ਦੇ ਪੁੱਤਰ ਸਿਆਮ ਵਿਚ ਨੇ, ਇਕਬਾਲ ਸਿੰਘ ਕਿਰਪਾਲ ਸਿੰਘ, ਉਹ ਆਉਣ ਲਗੇ ਤਾਂ ਮੇਰਾ ਜੀ ਨਾ ਕਰੇ ਆਉਣ ਨੂੰ, ਮੈਂ ਕਿਤੇ ਛੁਪ ਰਿਹਾ। ਬਹਿਰੀ ਜਹਾਜ਼ ਹੀ ਉਦੋਂ ਆਉਂਦੇ ਸਨ, ਮੈਂ ਕਿਹਾ ਤੁਰ ਜਾਏਂਗਾ ਤਾਂ ਫਿਰ ਕਿਸ ਨੇ ਆਉਣਾ ਏਂ, ਸੰਤਾਂ ਨਾਲ ਏਨਾ ਪਿਆਰ ਸੀ। ਪਰ ਮੇਰੇ ਚਾਚਾ ਜੀ ਨੇ ਮੈਨੂੰ ਲੱਭ ਲਿਆ ਤੇ ਨਾਲ ਲੈ ਆਏ। ਦੇਸ ਆਪਣੇ ਪਿੰਡ ਮੱਕੀ ਆ ਗਿਆ ਤਾਂ ਸੰਤ ਵੱਡੇ ਸੰਤ ਆਲਾ ਸਿੰਘ ਜੀ, ਸੰਤ ਲਾਭ ਸਿੰਘ, ਸੰਤ ਊਤਮ ਸਿੰਘ ਗੁਰਪੀਰ, ਸੰਤ ਹਾਕਮ ਸਿੰਘ ਏਹ ਸਾਰੇ ਧਿਆਨ ਸਿੰਘ ਜੀ ਦੇ ਉਪਾਸ਼ਕ ਸਨ, ਇਹਨਾਂ ਨੂੰ ਪਤਾ ਲਗਾ ਕਿ ਮੁੰਡਾ ਉਹਨਾਂ ਦੇ ਪਾਸੋਂ ਆਇਆ ਹੈ ਤਾਂ ਇਹ ਮੈਨੂੰ ਮਿਲਣ ਆਏ। ਮੈਂ ਸੰਤ ਆਲਾ ਸਿੰਘ ਹੁਰਾਂ ਨੂੰ ਸੰਤ ਧਿਆਨ ਸਿੰਘ ਜੀ ਦੇ ਬਚਨ ਦੱਸਣੇ, ਇਹ ਵੀ ਮੈਨੂੰ ਕਈ ਵਾਰ ਮਿਲਣ ਆਏ। ਏਸ ਗੱਲੋਂ ਮੇਰਾ ਇਹਨਾਂ ਨਾਲ ਪਿਆਰ ਹੋ ਗਿਆ। ਦੂਜੇ ਦਿਨ ਦਸਵੇਂ ਦਿਨ ਜ਼ਰੂਰ ਮੇਲ ਹੋ ਜਾਣਾ। ਮੇਰਾ ਸੰਤਾਂ (ਆਲਾ ਸਿੰਘ) ਨਾਲ ਏਨਾ ਪਿਆਰ ਹੋ ਗਿਆ ਕਿ ਇਹਨਾਂ ਜਦੋਂ ਵੀ ਮਿਲਣਾ ਮੈਂ ਚਰਨਾਂ ਤੇ ਡਿਗ ਕੇ ਰੋਈ ਜਾਣਾ। ਸੰਤਾਂ ਤੇ ਨਾਲ ਦੇ ਸਾਧਾਂ ਨੇ ਆਖਣਾ: ਸੰਤ ਜੀ, ਇਹ ਤਾਂ ਰੋਂਦਾ ਏ, ਵੈਰਾਗੀ ਹੋ ਜਾਂਦਾ ਏ ਜਦੋਂ ਮਿਲਦਾ ਏ ਇਹਨੂੰ ਨਾਲ ਲੈ ਚੱਲੀਏ, ਸੰਤਾਂ ਆਖਣਾ: ਹੈ ਤਾਂ ਗੱਲ ਏਸੇ ਤਰ੍ਹਾਂ ਈ। ਪਰ ਕੁਝ ਚਿਰ ਇਹਦਾ ਅੰਨਜਲ ਏਥੇ ਦਾ ਈ ਏ, ਫਿਰ ਇਸ ਨੇ ਸਾਡੇ ਨਾਲ ਹੀ ਰਹਿਣਾ ਏ।

**ਸੰਤ ਆਲਾ ਸਿੰਘ ਨਾਲ:**

ਫਿਰ ਸੰਤਾਂ ਨਾਲ ਰਹਿਣ ਦਾ ਸੰਬੰਧ ਬਣ ਗਿਆ ਉਦੋਂ 1976 (ਬਿ: ਵਿਚ) ਤੇ ਵੈਸਾਖ ਦਾ ਮਹੀਨਾ ਸੀ ਜਦੋਂ ਮੈਂ ਸੰਤਾਂ ਪਾਸ ਆ ਗਿਆ। ਵਰਨਾਂ ਵਿਚ ਸੰਤਾਂ ਨੇ ਹੋਲਾ ਕੀਤਾ ਸੀ, ਘਰ ਬਾਰ ਛੱਡ ਕੇ ਉਦੋਂ ਆਇਆ ਸਾਂ (ਭਾਵ 1976 ਬਿ: ਵਿਚ) 1919 ਈ.

ਸਤਿਗੁਰਾਂ ਨਾਲ ਮਿਲਾਪ ਇਹਨਾਂ ਦੀ ਕਿਰਪਾ ਨਾਲ ਹੋਇਆ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇਂ ਫਿਰ ਏਨਾ ਪਿਆਰ ਕੀਤਾ ਕਿ ਜਿਸ ਮੇਲੇ ਮੈਂ ਨਾ ਜਾਣਾ, ਸੰਤਾਂ ਆਖਣਾ: ਤੁਸੀਂ ਕਿਉਂ ਨਹੀਂ ਨਾਲ ਲਿਆਏ। ਸਤਿਗੁਰਾਂ ਜ਼ਰੂਰ ਆਖਣਾ ਉਹਨੂੰ ਨਾਲ ਲਿਆਇਆ ਕਰੋ। ਇਸ ਤੋਂ ਸਤਿਗੁਰਾਂ ਨਾਲ ਪਿਆਰ ਹੋ ਗਿਆ।

ਮੇਰੀ ਪੜ੍ਹਾਈ ਬਿਲਕੁਲ ਥੋੜ੍ਹੀ ਸੀ ਜਦੋਂ ਮੈਂ ਸੰਤਾਂ ਪਾਸ ਆਇਆ। ਮੈਂ ਅਜੇ ਗ੍ਰੰਥ ਸਾਹਿਬ ਦਾ ਪਾਠ ਨਹੀਂ ਸੀ ਕੀਤਾ ਹੋਇਆ। ਸੰਤਾਂ ਆਲਾ ਸਿੰਘ ਹੁਰਾਂ ਸਰਸੇ ਪਾਠ ਕੀਤਾ। ਉਥੇ ਹੋਰ ਵੀ ਸਾਧ ਸਨ। ਪਰ ਪਾਠੀ ਨਾ ਮਿਲਣ ਕਰਕੇ, ਇਕ ਪਾਠੀ ਦੀ ਥੁੜ ਸੀ। ਸੰਤਾਂ ਮੈਨੂੰ ਪੁੱਛਿਆ: ਤੂੰ ਕਿੰਨਾ ਕੁ ਪੜ੍ਹਿਆ ਹੋਇਆ ਏਂ ? ਅਖੰਡ ਪਾਠ ਵਿਚ ਲਗ ਸਕਦੈ ?" ਮੈਂ ਆਖਿਆ: ਗਰੀਬ ਨਿਵਾਜ, ਮੈਂ ਤਾਂ ਹਾਲੀ ਇਕ ਪਾਠ ਵੀ ਨਹੀਂ ਕੀਤਾ ਹੋਇਆ। ਥੋੜ੍ਹਾ ਥੋੜ੍ਹਾ ਪੜ੍ਹਿਆ ਹੋਇਆ ਜ਼ਰੂਰ ਹਾਂ ਪੰਜ ਗਰੰਥੀ, ਦਸ ਗਰੰਥੀ। ਆਖਣ ਲੱਗੇ: ਇਹਦਾ ਪਾਠ ਸੁਣੋ। ਸਾਧਾਂ ਪਾਠ ਸੁਣਿਆ ਤਾਂ ਆਖਣ ਲੱਗੇ: ਪਾਠ ਏਹਦਾ ਚੰਗਾ ਏ, ਇਹਨੂੰ ਲਾ ਲਈਏ। ਸੰਤਾਂ ਮੈਨੂੰ ਪਾਠ ਤੇ ਲਾ ਲਿਆ। ਸਾਧ ਸੰਗਤ ਨੂੰ ਪਾਠ ਸੁਣਕੇ ਖ਼ੁਸ਼ੀ ਹੋਈ। ਸਤਿਗੁਰਾਂ ਕਿਰਪਾ ਕਰਨੀ ਹੁੰਦੀ ਏ ਨਾ। ਸਤਿਗੁਰੂ ਜੀ ਹਰ ਸਾਲ ਪਰਯੋਗ ਕੀਤਾ ਕਰਦੇ ਸਨ। ਸਾਉਣ ਵਿਚ ਸ਼ੁਰੂ ਕਰਦੇ ਸਨ ਤੇ ਭਾਦਰੋਂ ਦੀ ਮੱਸਿਆ ਤੋਂ ਪਹਿਲਾਂ ਭੋਗ ਪਾ ਲੈਂਦੇ ਸਨ। ਤਰਨ ਤਾਰਨ ਦੀ ਮੱਸਿਆ ਜ਼ਰੂਰ ਜਾਂਦੇ ਸਨ।

**ਸਤਿਗੁਰੂ ਪ੍ਰਤਾਪ ਸਿੰਘ ਜੀ:**

ਜਦੋਂ ਸਤਿਗੁਰਾਂ ਪਾਸ ਪਰਯੋਗ ਦੇ ਮੇਲੇ ਸਮੇਂ ਨਹਿਰ ਸਰਹੰਦ ਤੇ ਗਏ ਤਾਂ (1980 ਬਿ:) ਸਤਿਗੁਰਾਂ ਨੇ ਇਕ ਪਾਠੀ ਦੀ ਮੰਗ ਕੀਤੀ। ਸੰਤਾਂ ਕਿਹਾ: ਸਾਡੇ ਪਾਸ ਤਾਂ ਇਹੋ ਪਾਠੀ ਹੈ ਜੀ।

**ਚਲਦਾ...**

# A Reflection on Sangat

**Sarab Singh U.K.**
Mob. +44 7900734951

Today, let's take a moment to reflect on our connections in this congregation and what it truly means to be a part of the **Sadh Sangat**. The Sadh Sangat is the fellowship of those with pure intentions and actions—the "Sadhus." As our texts say:

ਸਾਧ ਨਾਮ ਨਿਰਮਲ ਤਾ ਕੇ ਕਰਮ ॥

He is called a Holy person; his actions are immaculate and pure.

A true Sadhu's actions are pure, flowing naturally from a place of service (**Seva**), humility (**Sadhgi**), and remembrance of the divine name (**Simran**). When we engage in Seva, our faith deepens. Whether we're preparing Langar, washing dishes, or helping our elders, these acts of selfless service humble our minds and quiet the ego.

**The Power of Sangat: Releasing the Ego**

The real purpose of Sangat is to remove the "I," or the ego, from within us. Sitting in a congregation and focusing on Naam Simran helps us move away from this ego. When we see others who have done more Simran or more Seva, it provides a powerful perspective that our own efforts, while meaningful, are part of a larger, collective devotion.

As Satguru Ji reminds us in Gurbani:

ਹੋਹੁ ਨਿਮਾਣਾ ਸਤਿਗੁਰੂ ਅਗੈ ਮਤ ਕਿਛੁ ਆਪੁ ਲਖਾਵਹੇ ॥

Be humble, and surrender to the True Guru; do not attach your identity to your ego.

ਇਉ ਕਹੈ ਨਾਨਕੁ ਆਪੁ ਛਡਿ ਸੁਖ ਪਾਵਹਿ ਮਨ ਨਿਮਾਣਾ ਹੋਇ ਰਹੁ ॥

Renounce your ego, obtain peace; let your mind abide in humility

We are all searching for contentment. Satguru Ji teaches us that-

ਆਪੁ ਛਡਿ, ਸੁਖ ਪਾਵਹਿ

by letting go of the ego, our minds become humble. This humility is the key to true peace.

**Our Namdhari Legacy and the Essence of Unity**

Our legacy as Namdharis is built on unwavering principles. The name itself, **Namdhari**, means "one who bears the Name," the divine Naam that Satguru Ji has given us. Our aim is to connect our soul with Naam, ensuring that we are joined with it in every breath. This connection inspires the principles of unity, community, and selfless service.

Guru Nanak Dev Ji's words beautifully capture the essence of our collective strength:

ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰਹਾਈ ॥

We are all children of the One Father; I am a sacrifice to my Guru.

If we are all children of one, how can we see differences in others? Yet, all too often, the veil of ego and jealousy covers the beauty around us, clouding our minds with judgment and negativity. The Guru, however, shows us

the light and gives us the tools to break through the darkness.

**Understanding Hukam: The Divine Will**

Guru Nanak Dev Ji's profound words on Hukam offer us a path to liberation:

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥

Everyone is subject to His Hukam; no one is beyond His Command. One who submits to His Command cannot speak in ego.

There isn't a single breath drawn or event unfolding that is outside of Satguru Ji's **Hukam**- the Divine Will. When we truly grasp this concept, we realise the uselessness of resistance and the liberation that comes with surrender. Our wasted moments of judgment and negative thoughts begin to disappear.

**The Blossom of True Community and Selfless Service**

A true community is built on the example of those who perform **Nishkam Seva**, or selfless service- without being asked, forced, or seeking reward. Guru Arjan Dev Ji beautifully explains in Sukhmani Sahib:

ਸੇਵਾ ਕਰਤ ਹੋਇ ਨਿਹਕਾਮੀ॥
ਤਿਸ ਕਉ ਹੋਤ ਪਰਾਪਤਿ ਸੁਆਮੀ॥

One who performs Guru's service without desire for reward, attains to the Lord.

These selfless servants are role models for us all. Can we, too, serve without desire? Can we leave our ego at the door before entering Satguru Ji's Darbar?

Our Sangat is like a beautiful garden, where every flower is different yet contributes to the collective beauty. Your unique talents, whether you are a compassionate listener, an excellent organiser, or simply someone who offers a warm smile, are what make our community strong and resilient.

**A Call to Daily Reflection**

Let's make our Sangat a flowing river of truthfulness, contentment, compassion, and empathy a river so pure it draws others toward its strength. As Gurbani asks:

ਸਤ ਸੰਗਤਿ ਕੈਸੀ ਜਾਣੀਐ॥

What are the characteristics of the True Congregation?

And answers:

ਜਿਥੈ ਏਕੋ ਨਾਮੁ ਵਖਾਣੀਐ॥

Where Naam is recited, contemplated, and meditated upon.

This practice of reflection and connection brings profound transformation. When we find the company of the holy, our jealousy of others fades away.

ਬਿਸਰਿ ਗਈ ਸਭ ਤਾਤਿ ਪਰਾਈ॥
ਜਬ ਤੇ ਸਾਧਸੰਗਤਿ ਮੋਹਿ ਪਾਈ॥
ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿਆਈ॥

I have totally forgotten my jealousy of others, since I have found the Saadh Sangat. No one is my enemy, and no one is a stranger. I get along with everyone.

The time for reflection is now. Let's carry the feeling of contentment and stillness from this Sangat with us every day. With Satguru Ji's blessings, the memory of them will have a positive impact on us, each and every day.

.....................................................

# Ego

Satguru Jagjit singh ji narrates the story of someone being called and told that their son has passed away, in an explosion of emotional she's broken and in so much pain. They get another call and told they had the wrong number, for them everything was okay again.

What is the one thing that causes us pain, what is the thing that makes us feel like we're not enough, what is it that makes us feel judged by others? The Ego is something that causes us to feel separated from others, causes one to feel like "I" am the one that is being criticised, judged or acting.

**Definition of ego:**

The definition of ego which life has led me to is beyond basic pride and instead all encompassing. It is identity, character, personality, individuality, family and friend network and even likes and dislikes.

Guru Nanak Dev Ji asserts every action is in ego if performed without wisdom and blessing from one's Guru. For example, who is the one meditating on the Naam? Neither do I own these hands, mouth, tongue nor His Naam, all were a gift of benevolence.

The great tragedy of life is that millions before have lived life drawing in the "I" and without the blessings of a Sadhu, millions more will continue to die in ego. Worrying and insecure about their children, partners, money and family.

The ego is like the ninja, he lives in the shadows, you'd never know he was there unless you were looking for Him. He's hiding in plain sight, and like the sun everything revolves around it. His opinions are as heavy as planets and the attachments as strong as gravity. People who disagree with the opinion of ego automatically become competition.

This ego is such that when those who are close to me are hurt, "I" am hurt but it feels nothing for those who "I" do not consider "mine". It will ignorantly walk past the needy and homeless and not think twice.

The ego does not discriminate, whether you're poor, rich or famous, it dominates life in a never ending effort to preserve this false sense of self. Guru Nanak dev ji doesn't reject the ego but instead ironically says that the cure for it is found within awareness of ego. (....ਦਾਰੂ ਭੀ ਇਸੁ ਮਾਹਿ ॥)

We must appreciate that ego was given by design, it isn't a flaw to hate, but a design to contemplate. It is not the enemy, but a symptom of forgetting my creator and what he has created. Ego served a purpose during early development to help in survival but no one made me aware of it as a child so it continued to develop, unchecked like a cancer.

The ego drove my education, career and relations forward, it also destroyed my career and relationship. Without ego there is no pain, pleasure, greed or attachment. Without ego this drama of the world finishes. Who would you be without this identity of who you currently are?

At school the ego led me to act tough, cool or like something even when I actually didn't. It built this identity brick by brick, tricking me into thinking that this version of me is the "real" me. It decorated this false identity with fake contentment, compassion and love.

The ego exists for self preservation, but who am I, what value does this "me" have to this world, what am I trying so hard to preserve? The "I" is singular and insignificant but **ਤੂੰ (You - almighty)** are without fear and without enmity.

On social media it is the ego saying ***I need to be seen. I need to be liked. If I'm not, I'm not enough*** *a*nd if you keep scrolling your ego might say ***Why do they have that life and not me?***

Awareness of ego is becoming mature and realising that the people I'm looking at and speaking to have as rich and complicated a life as I do, that they have the same emotions and insecurities as I do, that they were also created by the one who created me.

Imagine if you made pizza for someone you loved, cut the toppings, and prepared the sauce and spent all day cooking it to perfection. If the person you fed it to said it tasted horrible and was the worst thing in the world the ego would feel offended because of the attachment the ego put onto the pizza.

**Remedies:**

Becoming aware of how we speak is a large part of becoming aware of our ego, there is a great expression in Taoism:

*Watch your thoughts, they become your words; watch your words, they become your actions; watch your actions, they become your habits; watch your habits, they become your character; watch your character, it becomes your destiny.*

Language is a large part of how we communicate our thoughts and emotions, expressing these thoughts in a way to rewire our neurology has to be a big part of becoming aware of the ego.

What is important, is teaching kids at a young age to appreciate the gifts they get come from the Almighty/Sat Guru Ji.

Speaking to a member of the sangat before playing football and asking, how do we become aware of our ego on the football pitch? You've scored a goal, but how do you take the "I" out of the equation? Simply that this goal was possible through the blessings of the almighty - "Eh goal satguru ji di kirpa naal hoya"

When Pandit Gopal Singh Ji was asked what the correct way to bow down to others should be (matha tek) Pandit ji replied

"Those who are touching feet should visualise themselves doing so to their Guru, and those who are receiving should detach themselves from the feet, removing all sense of self in the scenario".

Ego comes from this illusion that I exist. It comes from separating myself from everything else. This ego comes from having enemies and friends

ਜਬ ਧਾਰੈ ਕੋਊ ਬੈਰੀ ਮੀਤੁ ॥
ਤਬ ਲਗੁ ਨਿਹਚਲੁ ਨਾਹੀ ਚੀਤੁ ॥

The ego comes from compliments, complaints and anger, it comes from anything that starts with "I". It looks for any excuse to

hate, complain and defend itself. It ruins families, ends friendships and gets people kicked out of work and thrown onto the street.

Satguru Nanak Dev Ji says people have cried and laughed in ego. People have shown compassion and forgiveness in ego.

This ego has built the perfect facade but in reality it practices hypocrisy everyday. My ego speaks, so that you will admire it. My ego writes so that you may praise it.But who am I without this voice or these words? Who am I without this name and this role?

Jo raaj de ta kavan vadaie jou bheek mangave ta kya ghat jye?

If today I have friends, wealth and people who love me what have I gained, if tomorrow I lost everything - what in actuality has this beggar lost? None of it was ever mine, none of those divine qualities (love, compassion, forgiveness, speaking softly) were ever mine but instead Satguru Arjan dev Ji says our condition is such that ਦਸ ਬਸਤੂ ਲੇ ਪਾਛੈ ਪਾਵੈ। ਏਕ ਬਸਤੁ ਕਾਰਨਿ ਬਿਖੋਟਿ ਗਵਾਵੈ for the sake of the one thing I am ready to lose faith. How do I Replace the I with You. Kabir ji has a simple formula

ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥

*If the Lord grants His Grace, one acts according to the Teachings of the Guru's Shabad.*

My experience so far has led to entanglement with ego, instead why not use Bhagat Kabir Ji, Satguru Nanak Dev Ji, Satguru Hari Singh Ji, Satguru Partap Singh Ji, Satguru Jagjit Singh Ji and Satguru Uday Singh Ji as a guide?

ਇਉ ਕਹੈ ਨਾਨਕੁ ਆਪੁ ਛਡਿ
ਸੁਖ ਪਾਵਹਿ ਮਨ ਨਿਮਾਣਾ ਹੋਇ ਰਹੁ ॥

Satguru Jagjit singh Ji in a very emotive sermon said "You are my family and I wish for all of you to find peace".

ਕਰਿ ਬੰਦਿਗੀ ਛਾਡਿ ਮੈ ਮੇਰਾ ॥ let go of "this is mine and that isn't"- Everyone and everything belongs to Guru Nanak, and Guru Nanak can be found within everyone and everything. Signs of progress (becoming more aware of ego)

Imagine someone who isn't hurt by slander and doesn't need his ego massaged, he's in complete balance. It may be hard to imagine but it is possible.

ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ ॥

The one who is not affected by praise or humiliation

ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥

Understand this person to me liberated

ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨ ॥

One who is not affected by pleasure or pain, who looks upon friend and enemy alike

ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨ ॥

- says Nanak, listen, mind: know that such a person is liberated. ||15||

ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮ ਪਛਾਨ ॥

That mortal, who forsakes egotism, and realizes the Creator Lord

ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨ ॥

- says Nanak, that person is liberated; O mind, know this as true. ||19||

The ego does not know true forgiveness or empathy. I am of the opinion today that it is not possible for the ego to become self enlightened and instead it has to be made aware of itself through the blessings of a Sadhu/Saint/Guru, through "gur prasaad" (blessings of a true spiritual teacher).

**Continue on Page No. 34**

# MURDER OF BEEF BUTCHERS BY KUKAS

**Edited by: Dr. Gurdev Singh Sidhu**
9417049417



No, 192, dated Lahore, 11th November 1871.

From - Lieutenant-Colonel G. McANDREW, Offg. Inspector-General of Police,, Punjab.

To - The Offg. Secretary to Government, Punjab.

I HAVE the honor to acknowledge the receipt of your No. 1441, of the 12th October, conveying the orders of Government sanctioning certain rewards, proposed by the Commissioner of the Ambala Division, to members of the Ludiana Police, in connexion with their successful action in the Raikot murder case.

2. I forward, for the perusal of His Honor the Lieutenant-Governor,, a copy of my No. 4892, of the 1st November, to the Commissioner of Ambala, of my explaining my reasons for considering the rewards proposed by him inadequate, and suggesting a further grant of Rs. 700. To this Mr. McNabb agrees, as will be seen from the copy of his No. 233, of the 4th instant, which forms a second enclosure to this letter.

3. I venture to hope that the additional sum I have asked for may be sanctioned by the Government, for the following reasons:--

The murders at Raikot were no ordinary crimes. The concerted assassination of butchers in Amritsar and Raikot formed part of a scheme to defy authority, and to compel Government to abandon its policy of toleration, by obliging it to put a stop to the slaughter of kine. A movement of this kind, backed by the whole influence of Ram Singh, being in the nature of a bid on the part of the Kukas for the sympathy and support of every Hindu, might be expected to enlist at least the secret approval of a large part of the Police Force and to influence them when called on to do their duty. This not unnatural anticipation, gathers strength when it is recollected that the Raikot murder was investigated in those localities where Kukas are most numerous and influential. The Police agents employed in the discovery of this case were Sikhs, Hindus and Mussalmans. From the Sikh Inspector down to the youngest Constable there was no faltering, no flinching from duty. Feelings, the offspring of customs sacred with the approval of successive ages, were restrained by native Policemen in the resolve to do their duty to the British Government against their co-religionists. I knew that the struggle would be no easy one to ignorant and bigoted men, and

in the name of the Government I promised liberal rewards to those who faithfully executed the trust reposed in them.

4. I should explain that, in the ordinary course of Police investigations, it will naturally happen that the departmental rather than the judicial officer will be in the better position to value services performed and apportion the rewards necessary. Colonel Baillie and I had charge of the case from the first. We watched every step, heard every admission, and tested each fact disclosed. The Courts could judge of the value of the evidence collected; we only could decide the exact share of merit due to the exertions of the individuals who elicited and verified those facts. We spent some twelve days in directing the operations of the subordinate Police and in collecting all the evidence necessary for the prosecution. So complete was the case against the accused, that Mr. Cowan, Deputy Commissioner of Ludiana, was only obliged to stay a day and a half on the spot to conduct the trial to commit the prisoners to the Sessions, and the Sessions Judge was able to conduct the trial in a similarly short time. It needs no demonstration to prove that the opportunity and special knowledge necessary to enable a judicial officer to give an opinion as to the relative exertions of different members of the Police in an inquiry will be present in inverse ratio to the perfection of the case for the prosecution as unfolded in Court. In other words, the more carelessly and incompletely the evidence is sent up, the more will the judicial officer know of the real working of the case, and of the individuals to whom he is indebted for assistance.

5. In the Bassian trial the Police case was self-contained. No witness was summoned either by the Committing Magistrate or the Sessions Judge. The various clues were placed before the Courts in a connected manner, so that little remained for the Judge beyond recording them and drawing correct conclusions from the evidence. On these grounds, then, I trust His Honor may be pleased to sanction my application for a further sum of Rs. 700 to adequately reward men whose exertions I am personally cognizant of.

***

No. 1606, dated Lahore, 22nd November 1871
From - LEPEL H. GRIFFIN, Esq., Offg. Secretary to Government, Punjab.
To - The Inspector-General of Police, Punjab.

I AM directed to acknowledge receipt of your No. 192, dated 11 th November, asking that additional rewards may be granted to the Police and trackers for their success in the discovery of the perpetrators of the Raikot murders.

2. The Lieutenant-Governor is pleased to accede to the recommendations made by you, as modified by the Commissioner, that in excess of what was previously sanctioned, Rs. 700 may be granted from Police savings.

3. His Honor is anxious to encourage as much as possible the system of tracking, which, when carefully supervised and in the hands of men carefully trained, is capable of very good results. He would wish to see a detailed list of the persons to whom the rewards now sanctioned are given, so as to be

sure that the trackers who appear to have done a large proportion of the work receive a fair proportionate share of the reward.

**

**The fallout**

With the execution of sentences awarded to butcher murderers this matter was supposed to come to close. But because of following reasons discussion on it in government circles lingered on.

Firstly, Mr. Christie had arrested 12 innocent people. When the actual perpetrators of the crime surrendered themselves to the law, the police withdrew case and set them free. Among these were a few who were in the forefront of movement against the cow slaughtering and people respected them. Therefore there was a great resentment in minds of Hindu and Sikh population of the city against Mr. Christie. Under this pressure Mr. Christie had to submit his resignation, which remained pending for about two years.

Secondly, the innocent peoples who were made accused on the basis of false evidences, sought the permission of Government and filed a case of perjury against them*. (Government permitted to sue Hira and Aya* only, not Jai Ram Seth. (*Hira absconded, Aya was tried and convicted by Deputy Commissioner acting as Sessions Judge on the 22nd November 1872 and sentenced to two years' rigorous imprisonment, including three months' solitary confinement.)

Thirdly, Jhanda Singh, an accused in butcher murder case, who absconded when the others were arrested, was detained by police 1n 1873 and a court case started against him.

Fourthly, Jai Ram Seth sought the permission of Government to sue the police for the inhuman treatment meted out to him.

Dealing with these cases Government officers repeatedly mentioned the original case. It all is revealed in the following documents.

----

**Memorandum*** (*Sessions Judge, Amritsar Division, awarded death sentence to Jhanda Singh on 30th June 1873 subject to the confirmation by the Chief Court. While forwarding this case to Chief Court, he sent this memorandum, dated 2nd August 1873, along with his judgement to facilitate decision by that Court.) **by the Sessions Judge, Amritsar Division, on the previous history of the case Crown versus Jhanda Singh and others, Kukas - charge murder, Section 302, Indian Penal Code.**

This case has cost the Court considerable labor and time, because it has deemed it necessary, before sending up the sentence for confirmation by the Chief Court, to examine carefully the whole of the previous proceedings in the case.

2. **The time and manner in which the agitation manifested itself, and the measures taken by the authorities.**

It is a matter of notoriety, and the fact is very fully set forth in the voluminous proceedings of the case antecedent to the present trial as far back as April 1871, there had arisen considerable excitement among

the Hindus in the city of Amritsar regarding the matter of the slaughter of kine. The agitation reached at times a serious pitch. Mobs assembled; Muhammadans were beaten and abused; unmistakable threats reached their ears and those of the Government servants. A guard had to be put over the slaughter-yards. Apprehensions were made, and a number of men tried and punished under minor sections for breach of the peace, &c.

3. **Increased demand for beef.**

The Court gathers from the whole correspondence and proceedings that there had for some time been an increased activity on the part of the beef-selling butchers; probably some variation in the price of other provisions had led to an enhanced demand for this food on the part of the Muhammadan population (and they are nearly half the population of the city), and the result had been increased operations on the part of the butchers. It appears clear that the original rules made by Mr. Saunders, who had the first establishment of cow-killing to carry out, had included a prohibition to sell the flesh of kine in the city. Persons wishing for this food were to purchase at the shambles, and take the flesh into the city decently covered up. The wording of Mr. Saunders' Vernacular Proceeding of the 20th May 1849 on this point is as follows:-"It is ordered that some place, such as mentioned above, be selected, where the butchers shall build a walled enclosure (whether *pakka* or *kacha*) at their own expense, and slaughter cows inside the enclosure. No butcher should carry beef for sale into the city. If any one does so, he shall be liable to punishment. Moreover, the persons purchasing the meat should carry it to their homes in the city folded in a cloth. They should not injure the feelings of the Hindus in any way." The Court considers it unquestionable that the wording of this order precluded shops being opened in the city for the sale of cow's flesh, and equally prohibited any system of hawking the meat about for sale, and the Court conceives that Mr. Saunders' order was strictly in accordance with the instructions he had received in the communication noted in the margin*. (*Letter No. 12 of 10th May 1849, from R. Montgomery, Esquire, Commissioner of Lahore, enclosing letter No. 3 of 5th May 1849, from the Officiating Secretary to the Board of Administration, with enclosures.) One of the enclosures of the Secretary's letter was a letter from Major Herbert Edwardes, to Lieutenant James, Assistant Commissioner, Multan, giving, the Board of Administration's interpretation of the orders regarding the slaughter of kine, the terms of which interpretation had been fully confirmed and approved by the Supreme Government.

**Major Herbert Edwards' interpretation of the orders of the Board of Administration regarding slaughter of kine.-**

In this letter Major Edwardes wrote:-" On no account ought beef to be exposed for sale in shops within the towns, even though slaughtered outside, and Musalmans should be severely punished for ostentatiously parading what they know will offend their Hindu neighbours. In short, the first tendency

of the re-action will be to make Musalmans abuse a privilege from which they have been so long debarred, and it will become necessary to protect from insult the Sikhs and Hindus so lately in the ascendant."

**Hawking of beef in city prohibited by Mr. Saunders**

The correspondence was forwarded to Mr. Saunders, as Deputy Commissioner, by his Commissioner, to be his guide in making the new arrangements. And I think it was quite natural that Mr. Saunders should, on the above directions, have prohibited to exposure of the article sold in one way or another.

**4. Notwithstanding the prohibition hawking is carried on. A hawker punished by Honorary Magistrates, but order annulled in appeal.**

Not with standing the original prohibition, however, it is evident that hawking quietly obtained a footing, and probably, from being quietly and carefully done at first, it led to no dissatisfaction. But in 1863 the Deputy Commissioner reported a case to the Commissioner of the Division, in which the Honorary Magistrates had punished a man for hawking beef for sale in a *mohallah* chiefly inhabited by Hindus. The Honorary Magistrates, two influential men, one a Muhammadan and the other a Hindu, framed the charge under Section 291 of the Indian Penal Code, and they sentenced the offender to three months' imprisonment and fine of fifty rupees. The Magistrates stated to the Deputy Commissioner that the sale of beef in the city had always been forbidden. The Deputy Commissioner remarked on this that he could find no order to this effect on record.

**to be continued**

.......................................................

## Ego

ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥੨॥

The root cause of all this suffering and ignorance of suffering (one may think "I'm not suffering) comes from this ego identity that has been built.

Our beloved is one that resides in all, it is easy to praise Him when things are going well, the real test of how mentally strong a sikh is, is when things don't go according to their ego's expectations.

Wisdom is knowing that I am not this ego, but a story invented to protect this false identity. This ego lives in time. In the past it regrets and becomes anxious about the future.

When I exist there is pain, hatred and insecurities, when You (my beloved almighty) exist there is true love, compassion, forgiveness and peace.

ਜਬ ਹਮ ਹੋਤੇ ਤਬ ਤੂ ਨਾਹੀ, ਅਬ ਤੂਹੀ ਮੈ ਨਾਹੀ ॥

If my ego would dissolve I would not be hurt by anyone's comments or actions, if only my ego would dissolve, therein lies the problem - this is my expectation for this ego to dissolve however what if this is not the will of my beloved?

ਨਾਨਕੁ ਨੀਚੁ ਕਹੈ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥
ਜੋ ਤੁਧੁ ਭਾਵੈ ਸਾਈ ਭਲੀ ਕਾਰ ॥

.......................................................

# ਕਾਵਿ - ਕਿਆਰੀ

## ਪਿੰਡ ਦਾ ਗੇੜਾ

ਪਿੰਡ ਦਾ ਗੇੜਾ ਲਾ ਆਇਆ ਹਾਂ।
ਬਚਪਨ ਚੇਤੇ ਕਰ ਆਇਆ ਹਾਂ।
ਦਿਸਿਆ ਨਾ ਕਿਤੇ ਬਾਣੀਆਂ ਵਾਲਾ ਖੂਹ,
ਜਿੱਥੇ ਠੰਡੇ ਪਾਣੀ ਨਾਲ ਨਹਾਉਂਦੇ ਸਾਂ।
ਇੱਕ ਦੂਜੇ ਤੋਂ ਅੱਗੇ ਹੋ-ਹੋ ਤੜੀ ਨਾਲ
ਖੂਬ ਮਲ-ਮਲ ਕੇ ਨਹਾਉਂਦੇ ਸਾਂ।
ਯਾਦਾਂ ਦੇ ਵਿੱਚ ਰਹਿ ਗਿਆ ਖੂਹ
ਅੱਖਾਂ ਨਾਲ ਦੇਖ ਆਇਆ ਹਾਂ।....

ਤਾਈ ਕਿਸ਼ਨੋ ਦੀ ਭੱਠੀ ਗਾਇਬ ਸੀ
ਦਾਣੇ ਭਨਾ ਮਾਰ ਪਚਾ ਕੇ ਖਾਂਦੇ ਸੀ।
ਇਕ ਦੂਜੇ ਮੂਹਰੇ ਹੋ ਹੋ ਮੱਕੀ ਦੇ ਮੁਰਮਰੇ
ਛੋਲਿਆਂ ਦੀ ਦਾਲ ਬਣਾ ਖਾਂਦੇ ਸੀ।
ਦ੍ਰਿਸ਼ ਨੂੰ ਨੈਣਾਂ 'ਚ ਸਮੋਅ ਲਿਆਇਆ ਹਾਂ।...

ਜੇਠੂ ਚਾਰਜ ਦੀ ਹੱਟ ਢਹਿ ਢੇਰੀ ਹੋ ਗਈ
ਪੱਗਾਂ ਰੰਗਾਉਣ ਲਈ ਮੇਲਾ ਜੁੜਦਾ ਸੀ।
ਕੰਨ ਪਾਈ ਨਾ ਸੁਣਦੀ ਸੀ ਉਦੋਂ
ਹਰੇਕ ਚੋਬਰ ਆ ਕੇ ਉੱਥੇ ਖੜ੍ਹਦਾ ਸੀ।
ਕਿੰਨੀ ਦੁਨੀਆ ਹੋ ਹੋ ਹੈ ਤੁਰਗੀ
ਵਿਛੜੀਆਂ ਰੂਹਾਂ ਨੂੰ ਚੇਤੇ ਕਰ ਆਇਆ ਹਾਂ।....

ਗਲੀ ਮੁਹੱਲੇ ਤਾਂ ਸਭ ਖੁੱਲ੍ਹੇ ਹੋ ਗਏ
ਪਰ ਦਿਲ ਲੋਕਾਂ ਦੇ ਤੰਗ ਨੇ ਜਾਪੇ।
ਬਚਪਨ ਦੇ ਦਿਨਾਂ ਨੂੰ ਯਾਦ ਕਰ ਕੇ
ਮੋਹ ਨਾਲ ਪਾਲਦੇ ਚੇਤੇ ਆਏ ਮਾਪੇ।
ਨੈਣਾਂ 'ਚੋਂ ਵਹਿ ਤੁਰੇ ਹੰਝੂ ਖਾਰੇ
ਹੁੱਬਕੀ ਹੁੱਬਕੀ ਰੋਅ ਆਇਆ ਹਾਂ।...

ਪੜ੍ਹਾਉਣ ਵਾਲੇ ਉਹ ਭਲੇ ਮਾਸਟਰ
ਜੋ ਕੁੱਟਦੇ ਘੱਟ ਪੜ੍ਹਾਉਂਦੇ ਵੱਧ ਸੀ।
ਪੁੱਤਰਾਂ ਵਾਂਗ ਪਿਆਰ ਸੀ ਕਰਦੇ
ਆਪਸੀ ਮੁਕਾਬਲੇ ਕਰਾਉਂਦੇ ਵੱਧ ਸੀ।

ਉਹਨਾਂ ਦੀ ਕੀਰਤੀ ਨੂੰ ਕਰ ਸਿੱਜਦਾ
ਸਕੂਲ ਨੂੰ ਵੀ ਸਿੱਜਦਾ ਕਰ ਆਇਆ ਹਾਂ।....

ਕਿੰਨਾ ਕੁਝ ਪਿੱਛੇ ਰਹਿ ਗਿਆ
ਤੇ ਕਿੰਨਾ ਕੁਝ ਬਦਲ ਗਿਆ ਹੈ।
ਬੜੀ ਤਰੱਕੀ ਕੀਤੀ ਹੈ ਵੀਰੋ
ਪਿੰਡ ਦਾ ਨਕਸ਼ਾ ਬਦਲ ਗਿਆ ਹੈ।
ਬਚਪਨ ਦੇ ਬੇਲੀ ਸਾਥੀ ਸਾਰੇ
ਇਕ ਇਕ ਕਰ ਜਹਾਨੋ ਤੁਰ ਗਏ ਨੇ।
ਯਾਦਾਂ ਦੇ ਝੁਰਮਟ 'ਚ ਮਿੱਤਰੋ
ਉਹ ਰਾਂਗਲੇ ਦਿਨ ਦੂਰ ਗਏ ਨੇ।
ਸਭ ਨੂੰ ਆਪੋ ਆਪਣੀ ਥਾਂ ਤੇ ਜੀ
ਸਭ ਲਈ ਹਉਕਾ ਭਰ ਆਇਆ ਹਾਂ।....

ਗੁਰਦੁਆਰੇ, ਮੰਦਿਰ, ਸ਼ਿਵ ਦਿਵਾਲੇ, ਪੀਰ ਖਾਨਾ,
ਮਸੀਤ, ਸਮਾਧਾਂ ਨੂੰ ਸਿੱਜਦਾ ਕਰ ਖੈਰ ਮਨਾਈ ਹੈ।
ਮਿਹਨਤ ਮੁਸ਼ੱਕਤ ਸਦਕਾ ਜੀਵਨ ਵਿਚ
ਇਕ ਵਿਲੱਖਣ ਤਰੱਕੀ ਪਾਈ ਹੈ।
ਰਗਾਂ ਵਿਚ ਰਮੇ ਪਿੰਡ ਕਾਂਝਲਾ ਨੂੰ
ਮੁੜ ਮੁੜ ਚੇਤੇ ਕਰ ਆਉਂਦਾ ਹਾਂ।
ਦਸਵੀ, ਮੱਸਿਆ, ਸੰਗਰਾਂਦ ਦਿਨਾਂ ਹੋਰ
ਬਰਸੀ ਸਮਾਗਮਾਂ 'ਤੇ ਹਾਜ਼ਰੀ ਭਰ ਆਇਆਂ ਹਾਂ।...

ਜੜ੍ਹਾਂ ਨਾਲ ਸਦਾ ਜੁੜੇ ਹੀ ਰਹੀਏ
ਦਾਤੇ ਅੱਗੇ ਏਹੋ ਅਰਜ਼ ਗੁਜ਼ਾਰੀ ਹੈ।
ਲੱਖ ਤਰੱਕੀ ਪਾ ਜਾਈਏ ਭਾਵੇਂ ਪਰ
ਨਗਰ ਤੋਂ ਮੁੱਖ ਮੋੜਣ ਦੀ ਕਦੇ ਨਾ ਧਾਰੀ ਹੈ।
ਹੋਏ, ਬੀਤੇ, ਗੁਜ਼ਰੇ ਦੀਆਂ ਕਥਾ ਕਹਾਣੀਆਂ
ਦਿਮਾਗ ਵਿਚ ਭਰ ਲਿਆਇਆ ਹਾਂ।...
ਅਪਣੇ ਪਿੰਡ ਦਾ ਗੇੜਾ ਲਾ ਆਇਆ ਹਾਂ।
ਬਚਪਨ ਦੇ ਦਿਨ ਚੇਤੇ ਕਰ ਆਇਆ ਹਾਂ।

**ਰਣਜੀਤ ਆਜ਼ਾਦ ਕਾਂਝਲਾ**
-9464697781

# ਖ਼ਬਰਨਾਮਾ

## ਸ੍ਰੀ ਸਤਿਗੁਰੂ ਜੀ ਦੇ ਦਿੱਲੀ ਵਿਖੇ ਦਰਸ਼ਨ ਅਤੇ ਸੰਗੀਤ ਸੰਮੇਲਨ

ਹਰ ਸਾਲ ਦੀ ਤਰ੍ਹਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਾਸਤਰੀ ਸੰਗੀਤ ਜੋ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਅਤੇ ਪਾਵਨ ਹਜ਼ੂਰੀ ਵਿਚ ਕੀਤਾ ਜਾਂਦਾ ਹੈ। ਉਹ ਸੰਗੀਤ ਸੰਮੇਲਨ ਇਸ ਵਾਰ ਦਿੱਲੀ ਵਿਖੇ ਕਰਵਾਇਆ ਗਿਆ।

ਸ੍ਰੀ ਸਤਿਗੁਰੂ ਜੀ ਮਿਤੀ 22 ਨਵੰਬਰ 2025 ਦਿਨ ਸ਼ਨੀਵਾਰ ਨੂੰ ਦੁਪਹਿਰ 2 ਵਜੇ ਦਿੱਲੀ ਲਈ ਚਾਲੇ ਪਾਏ ਤਾਂ ਰਸਤੇ ਵਿਚ ਗਾਜੀਆਬਾਦ ਵਿਖੇ ਸ. ਧਰਮਪਾਲ ਸਿੰਘ ਦੇ ਪਿਤਾ ਸ. ਰਜਿੰਦਰ ਸਿੰਘ ਦੇ ਸਵਰਗਵਾਸ ਹੋਣ ਉਪਰੰਤ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਉਹਨਾਂ ਦੇ ਨਿਵਾਸ ਸਥਾਨ 13-169 ਅਸ਼ੋਕ ਨਗਰ ਗਾਜੀਆਬਾਦ ਵਿਖੇ ਦਰਸ਼ਨ ਦਿੱਤੇ। ਦਿੱਲੀ ਵਿਖੇ k.17 ਰਜੋਰੀਗਾਡਨ ਦਿੱਲੀ ਵਿਖੇ ਆਪਣੇ ਡੇਰੇ ਆਣ ਰਾਤ ਵਿਸ਼ਰਾਮ ਕੀਤਾ।

ਸਵੇਰੇ ਅੰਮ੍ਰਿਤ ਵੇਲੇ ਮਿਤੀ 23 ਨਵੰਬਰ 2025 ਦਿਨ ਐਤਵਾਰ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਆਸਾ ਸਿੰਘ ਪੁੱਤਰ ਅਤਰ ਸਿੰਘ ਦਿੱਲੀ ਨਿਵਾਸੀ ਅਤੇ ਲੜਕੀ ਹਰਦੇਵ ਕੌਰ ਪੁੱਤਰੀ ਸ. ਹਰਪਾਲ ਸਿੰਘ ਜਲੰਧਰ ਨਿਵਾਸੀ ਦਾ ਅਨੰਦ ਕਾਰਜ ਹੋਇਆ। ਸਮਾਪਤੀ ਉਪਰੰਤ ਸ. ਪਰਮਜੀਤ ਸਿੰਘ ਵੀਰ ਜੀ ਜੋ ਗੁਰਬਾਣੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਵੱਡਾ ਕਾਰਜ ਕਰਦੇ ਹਨ ਨੂੰ ਸ੍ਰੀ ਸਤਿਗੁਰੂ ਜੀ ਦੇ ਕਰ ਕਮਲਾਂ ਦੁਆਰਾ ਸਨਮਾਨਿਤ ਕੀਤਾ ਗਿਆ। ਉਹਨਾਂ ਵੱਲੋਂ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੇ ਲਿਖੀ ਗਈ ਪੁਸਤਕ ਵੀ ਉਹਨਾਂ ਨੇ ਸ੍ਰੀ ਸਤਿਗੁਰੂ ਜੀ ਨੂੰ ਭੇਂਟ ਕੀਤੀ।

ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਵਜੀਰ ਸਿੰਘ ਪੁੱਤਰ ਸ. ਹਰਭਜਨ ਸਿੰਘ ਆਰੇਵਾਲੇ ਦੀ ਪਤਨੀ ਡਾ. ਅਵਨੀਤ ਕੌਰ ਦੀ ਰਹਾਇਸ਼ J-6/146 ਮਲਹੋਤਰਾ ਨਿਵਾਸ ਰਜੋਰੀ ਗਾਡਨ ਵਿਖੇ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਦੁਪਹਿਰ ਸਮੇਂ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਵਿਖੇ ਸ. ਰਜਿੰਦਰ ਸਿੰਘ ਗਾਜੀਆਬਾਦ ਦੇ ਭੋਗ ਸਮਾਗਮ ਸਮੇਂ ਹਜ਼ੂਰੀ ਰਾਗੀ ਸੰਤ ਹਰਬੰਸ ਸਿੰਘ ਜੀ ਘੁੱਲਾ, ਹਰਪ੍ਰੀਤ ਸਿੰਘ ਸੋਨੂੰ ਅਤੇ ਸੰਤਾ ਸਿੰਘ ਨੇ ਗੁਰਬਾਣੀ ਦਾ ਕੀਰਤਨ ਕੀਤਾ ਕਬੀਰ ਜੀ ਦਾ ਸ਼ਬਦ ਸੀ "ਸੋ ਦਿਨੁ ਆਵਨ ਲਾਗਾ" ਸ. ਰਤਨ ਸਿੰਘ ਸੱਗੂ ਨਰੋਬੀ ਨੂੰ ਸ. ਰਜਿੰਦਰ ਸਿੰਘ ਬਾਰੇ ਕੁਝ ਸ਼ਬਦ ਬੋਲੇ। ਪਵਿੱਤਰ ਗੁਰਬਾਣੀ ਦੇ ਪਾਠ ਦਾ ਭੋਗ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸ. ਰਜਿੰਦਰ ਸਿੰਘ ਦੇ ਨਮਿੱਤ ਪਾਇਆ ਗਿਆ। ਸ੍ਰੀ ਸਤਿਗੁਰੂ ਜੀ ਨੇ ਸੇਠੀ ਸਪੋਰਟਸ ਬਾਲੀ ਨਗਰ ਵਿਖੇ ਅਤੇ ਸ. ਨਰਿੰਦਰ ਸਿੰਘ ਖੋਖਰ ਪੁੱਤਰ ਸ. ਚਰਨ ਸਿੰਘ ਖੋਖਰ ਦੇ ਗ੍ਰਹਿ ਵਿਖੇ ਚਰਨ ਪਾਉਣ ਦੀ ਕਿਰਪਾ ਕੀਤੀ। ਸ਼ਾਮ ਨੂੰ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਪੁਰਬ ਤੇ ਰਹੇ ਸਾਸਤਰੀ ਸੰਗੀਤ ਸੰਮੇਲਨ ਵਿਚ ਜੋ ਕਿ ਏਮਜ ਹਸਪਤਾਲ ਦੇ ਜਵਾਹਰ ਲਾਲ ਨਹਿਰੂ ਇਨਡੋਰ ਆਡੀਟੋਰੀਅਮ ਵਿਚ ਹੋ ਰਿਹਾ ਸੀ। ਉਸ ਵਿਚ ਦਰਸ਼ਨ ਦੇਣ ਦੀ ਕਿਰਪਾ ਕੀਤੀ। ਇਸ ਸੰਗੀਤ ਸੰਮੇਲਨ ਦੀ ਵਿਸਥਾਰ ਪੂਰਵਕ ਰਿਪੋਰਟ ਅਲੱਗ ਸਾਂਝੀ ਕੀਤੀ ਜਾਵੇਗੀ।

ਮਿਤੀ 25 ਨਵੰਬਰ 2025 ਦਿਨ ਮੰਗਲਵਾਰ ਆਸਾ ਦੀ ਵਾਰ ਦਾ ਕੀਰਤਨ ਰਮੇਸ਼ ਨਗਰ ਨਾਮਧਾਰੀ ਧਰਮਸ਼ਾਲਾ ਵਿਖੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਹੋਇਆ। ਸ੍ਰੀ ਸਤਿਗੁਰੂ ਜੀ ਨੇ ਅਵਤਾਰ ਸਿੰਘ ਪੁੱਤਰ ਅਮਰੀਕ ਸਿੰਘ, ਮੰਗਲ ਬਜਾਰ ਵਿਸ਼ਨੂੰ ਗਾਡਨ ਰਵਿੰਦਰ ਸਿੰਘ ਪੁੱਤਰ ਮਹਿੰਦਰ ਸਿੰਘ, ਅਮੋਲਕ ਸਿੰਘ ਪੁੱਤਰ ਹਰਭਜਨ ਸਿੰਘ ਅਸ਼ੋਕ ਨਗਰ ਵਿਚ ਚਰਨ ਪਾਉਣ ਦੀ ਕਿਰਪਾ ਕੀਤੀ। ਗੁਰਦੁਆਰੇ ਵਿਖੇ ਸੇਵਾਦਾਰ ਨੂੰ ਸੇਵਾ ਲਈ ਉਚੇਚੇ ਤੌਰ ਤੇ ਹੁਕਮ ਕੀਤਾ। ਟੈਗੋਰ ਪਾਰਕ ਵਿਖੇ ਸ. ਨਰਿੰਦਰ ਸਿੰਘ ਪੁੱਤਰ ਗੁਰਬਖਸ਼ ਸਿੰਘ ਅਤੇ ਮਾਇਆਪੁਰੀ ਵਿਖੇ ਜਲੰਧਰ ਮੋਟਰ ਵਿਖੇ ਸ. ਕਰਨਜੀਤ ਸਿੰਘ ਪੁੱਤਰ ਰਜਿੰਦਰ ਸਿੰਘ ਹੀ ਵਰਕਸ਼ਾਪ ਤੇ ਚਰਨ ਪਾਉਣ ਦੀ ਕਿਰਪਾ ਕੀਤੀ।

**ਸੂਬਾ ਬਲਵਿੰਦਰ ਸਿੰਘ**

..............................................................

## ਸ੍ਰੀ ਸਤਿਗੁਰੂ ਜੀ ਦਾ ਇਲਾਕਾ ਸ੍ਰੀ ਜੀਵਨ ਨਗਰ ਦਾ ਦੌਰਾ

ਦਿੱਲੀ ਵਿਖੇ ਲਗਾਤਾਰ ਦੋ ਦਿਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿਚ ਹੋਏ ਸ਼ਾਸਤਰੀ ਸੰਗੀਤ ਸੰਮੇਲਨ ਦੀ ਸਮਾਪਤੀ ਉਪਰੰਤ ਲਾਲ ਕਿਲਾ ਦਿੱਲੀ ਵਿਖੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸ਼ਹੀਦੀ ਵਰ੍ਹੇ ਦੇ ਸਮਾਗਮ ਸਮੇਂ ਹੋ ਰਹੇ ਸਮਾਗਮ ਸਮੇਂ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਹੋਰ ਪ੍ਰਬੰਧਕ ਸੱਜਨਾਂ ਵਲੋਂ ਸ੍ਰੀ ਸਤਿਗੁਰੂ ਜੀ ਦਾ ਉਚੇਚੇ ਤੌਰ ਤੇ ਸਨਮਾਨ ਕੀਤਾ ਗਿਆ। ਦੇਰ ਰਾਤ ਤੱਕ ਦਿੱਲੀ ਤੋਂ ਚੱਲ ਕੇ ਸ੍ਰੀ ਸਤਿਗੁਰੂ ਜੀ ਸਵੇਰੇ ਅੰਮ੍ਰਿਤ ਵੇਲੇ 2 ਵਜ ਕੇ 10 ਮਿੰਟ ਤੇ ਮਸਤਾਨਗੜ੍ਹ ਆਣ ਪਹੁੰਚੇ।

ਮਿਤੀ 26 ਨਵੰਬਰ 2025 ਦਿਨ ਬੁੱਧਵਾਰ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਜਥੇ. ਜਸਵਿੰਦਰ ਸਿੰਘ ਭਿੰਡਰ ਦੀ ਅਗਵਾਈ ਵਿਚ ਸਥਾਨਕ ਜਥੇ ਵਲੋਂ ਵਾਰੇ ਦੇ ਰੂਪ ਵਿਚ ਕੀਤਾ ਗਿਆ। ਭੋਗ ਉਪਰੰਤ ਸ. ਗੁਰਮੀਤ ਸਿੰਘ ਚਾਨਾ ਅਤੇ ਮਾਸਟਰ ਗੁਰਮੇਜ ਸਿੰਘ ਅੰਮ੍ਰਿਤਸਰ ਕਲਾਂ ਨੇ ਸੰਗਤ ਨੂੰ ਸੰਬੋਧਨ ਕੀਤਾ। ਸ੍ਰੀ ਸਤਿਗੁਰੂ ਜੀ ਨੇ ਐਲਨਾਬਾਦ ਮਾਤਾ ਜਸਵੰਤ ਕੌਰ ਪਤਨੀ ਸ. ਗਿਆਨ ਸਿੰਘ ਦੇ ਚੜ੍ਹਾਈ ਕਰਨ ਤੇ ਸ. ਜੋਗਿੰਦਰ ਸਿੰਘ ਤੇ ਗੁਰਮੁੱਖ ਸਿੰਘ ਦੇ ਘਰ ਚਰਨ ਪਾਉਣ ਉਪਰੰਤ ਮਾਨ ਸਿੰਘ, ਮਨਦੀਪ ਸਿੰਘ ਪੁੱਤਰ ਸ. ਹਰਦਿਆਲ ਸਿੰਘ ਸੰਗੂ ਦੇ ਗ੍ਰਹਿ ਵਿਖੇ ਸ. ਮੁਖਤਿਆਰ ਸਿੰਘ ਸੰਗੂ ਦੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ. ਮਾਲਕ ਸਿੰਘ ਪੁੱਤਰ ਮੰਗਲ ਸਿੰਘ ਦੇ ਗ੍ਰਹਿ ਪਿੰਡ ਅੰਮ੍ਰਿਤਸਰ ਕਲਾਂ ਵਿਖੇ ਚੜ੍ਹਾਈ ਕਰਨ ਪਰਿਵਾਰ ਨੂੰ ਦਰਸ਼ਨ ਦੇ ਕੇ ਸ੍ਰੀ ਸਤਿਗੁਰੂ ਜੀ ਨੇ ਨਿਵਾਜਿਆ ਪਿੰਡ ਸੰਤ ਨਗਰ ਵਿਖੇ ਸ. ਦੀਦਾਰ ਸਿੰਘ ਹਾਕੀ ਕੋਚ ਪੁੱਤਰ ਸ. ਸੰਤੋਖ ਸਿੰਘ ਦੇ ਘਰ ਚਰਨ ਪਾਉਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸ. ਗੁਰਭਜਨ ਸਿੰਘ ਐਡਵੋਕੇਟ ਦੀ ਸਿਹਤ ਹਾਲ ਚਾਲ ਪੁੱਛਿਆ ਜੋ ਕਿ ਇਕ ਹਾਦਸੇ ਵਿਚ ਲੱਤ ਤੇ ਸੱਟ ਲੱਗਣ ਕਾਰਨ ਘਰ ਮੰਜੇ ਤੇ ਸਨ। ਸੰਤ ਨਗਰ ਵਿਖੇ ਹੀ ਦਵਿੰਦਰ ਸਿੰਘ ਪੁੱਤਰ ਸ. ਸਿੰਗਾਰ ਸਿੰਘ ਵਲੋਂ ਨਵੇਂ ਖੋਲੇ ਗਏ ਪਟਰੋਲ ਪੰਪ ਤੇ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਮਸਤਾਨਗੜ੍ਹ ਵਿਖੇ ਪ੍ਰਸ਼ਾਦ ਪਾਣੀ ਛਕਣ ਉਪਰੰਤ ਰਾਨੀਆਂ ਸ਼ਹਿਰ ਵਿਖੇ ਸ. ਬਲਵਿੰਦਰ ਸਿੰਘ ਮਿਸਤਰੀ ਪੁੱਤਰ ਦਲੀਪ ਸਿੰਘ ਦੇ ਘਰ ਅਤੇ ਸ. ਜਗਤਾਰ ਸਿੰਘ ਪੁੱਤਰ ਦਲੀਪ ਸਿਮਘ ਭਿੰਡਾਰ ਦੇ ਘਰ ਦਰਸ਼ਨ ਦੇਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸਿਰਸਾ ਨਾਮਧਾਰੀ ਧਰਮਸ਼ਾਲਾ ਵਿਖੇ ਸ. ਅਜ਼ਾਦ ਸਿੰਘ ਪੁੱਤਰ ਸ. ਮੋਹਨ ਸਿਮਘ ਦੇ ਭੋਗ ਸਮੇਂ ਦਰਸ਼ਨ ਦੇਣ ਦੀ ਕਿਰਪਾ ਕੀਤੀ ਜੋ ਪਿਛਲੇ ਦਿਨੀਂ ਚੜ੍ਹਾਈ ਕਰ ਗਏ ਸਸਨ। ਜਥੇ. ਹਰਪਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਦੀਵਾਨ ਸਜਾਇਆ ਅਤੇ ਸ. ਸੁਖਚੈਨ ਸਿੰਘ ਭੰਗੂਰ ਨੇ ਪਰਿਵਾਰਕ ਪਿਛੋਕੜ ਬਾਰੇ ਸੰਗਤ ਨਾਲ ਜਾਣਕਾਰੀ ਸਾਂਝੀ ਕੀਤੀ। ਪਵਿੱਤਰ ਗੁਰਬਾਣੀ ਦੇ ਪਾਠ ਦਾ ਭੋਗ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪਾਇਆ ਗਿਆ। ਭੋਗ ਉਪਰੰਤ ਹੁੱਡਾ ਕਲੋਨੀ ਸਿਰਸਾ ਸੈਕਟਰ 19 ਵਿਖੇ ਬੀਬੀ ਰੁਪਿੰਦਰ ਕੌਰ ਪਤਨੀ ਸ. ਰਜਿੰਦਰ ਸਿੰਘ ਨੂੰ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਏਥੇ ਹੀ ਵਾਇਆ ਮਾਨਸਾ, ਬਰਨਾਲਾ ਹੋ ਕੇ ਸ੍ਰੀ ਭੈਣੀ ਸਾਹਿਬ ਆਣ ਪਧਾਰੇ।

**ਸੂਬਾ ਬਲਵਿੰਦਰ ਸਿੰਘ ਝੱਲ**

.................................................

## ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਮਾਤਾ ਬਲਵੀਰ ਕੌਰ ਅਤੇ ਬੀਬੀ ਦਤਵਿੰਦਰ ਕੌਰ ਨਮਿੱਤ ਪਾਠ ਦਾ ਭੋਗ

**ਅੱਜ ਮਿਤੀ 21 ਅਕਤੂਬਰ 2025** ਸ੍ਰੀ ਭੈਣੀ ਸਾਹਿਬ ਵਿੱਚ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਮਾਤਾ ਬਲਵੀਰ ਕੌਰ ਅਤੇ ਬੀਬੀ ਦਤਵਿੰਦਰ ਕੌਰ (ਦਾਤੋਂ) ਨਮਿੱਤ ਪਾਠਾਂ ਦੇ ਭੋਗ ਅਤੇ ਸ਼ਰਧਾਂਜਲੀ ਸਮਾਰੋਹ ਹੋਇਆ। ਪਿਛਲੇ ਦਿਨੀਂ 6 ਅਕਤੂਬਰ ਮਾਤਾ ਬਲਵੀਰ ਕੌਰ ਜੀ ਇੱਕ ਸੜਕ ਹਾਦਸੇ ਵਿੱਚ ਚਲਾਨਾ ਕਰ ਗਏ। ਬੀਬੀ ਦਤਵਿੰਦਰ ਕੌਰ ਨੂੰ ਸਾਈਲੈਂਟ ਹਾਰਟ ਅਟੈਕ ਨਾਲ ਆਪਣੀ ਜੀਵਨ ਯਾਤਰਾ ਪੂਰੀ ਕਰ ਗਏ। 7 ਨਵੰਬਰ ਨੂੰ ਮਾਤਾ ਬਲਵੀਰ ਕੌਰ ਜੀ ਦਾ ਅੰਤਮ ਸਸਕਾਰ ਵੀ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸ੍ਰੀ ਭੈਣੀ ਸਾਹਿਬ ਹੋਇਆ।

**21 ਨਵੰਬਰ** ਸ੍ਰੀ ਭੈਣੀ ਸਾਹਿਬ ਵਿਖੇ ਪ੍ਰਤਾਪ ਮੰਦਰ ਵਿੱਚ ਜਥੇਦਾਰ ਹਰਪਾਲ ਸਿੰਘ ਯੂ.ਪੀ. ਵਾਲਿਆਂ ਨੇ ਦੁਪਹਿਰੇ

12 ਤੋਂ 1 ਵਜੇ ਤੱਕ ਹੱਲੇ ਦਾ ਦੀਵਾਨ ਸਜਾਇਆ। ਆਪ ਨੇ ਸ਼ਰਧਾ ਤੇ ਭਗਤੀ ਭਾਵ ਨਾਲ ਹਰਿ ਜਸ ਕਰਦਿਆਂ- 'ਹਰਿ ਕੇ ਸੇਵਕ ਜੋ ਹਰਿ ਭਾਇ, ਤਿਨ ਕੀ ਕਥਾ ਨਿਹਾਰੀ ਰੇ।' ਗੁਰਬਾਣੀ ਦੀ ਧਾਰਨਾ ਨਾਲ ਦੀਵਾਨ ਆਰੰਭ ਕੀਤਾ। ਜਥੇਦਾਰ ਜੀ ਨੇ ਕਿਹਾ ਕਿ ਔਰਤ ਦੇ ਤਿੰਨ ਰੂਪ ਹਨ- ਪਹਿਲਾਂ ਆਪਣੇ ਮਾਤਾ ਪਿਤਾ ਦੇ ਗ੍ਰਹਿ ਵਿਖੇ ਪੁੱਤਰੀ ਦੇ ਰੂਪ ਵਿੱਚ ਇੱਕ ਸੁਸ਼ੀਲ ਪੁੱਤਰੀ ਹੀ ਸੁਘੜ ਸੁਆਣੀ ਹੋ ਸਕਦੀ ਹੈ ਅਤੇ ਤੀਸਰਾ ਅਤੇ ਸਭ ਤੋਂ ਮਹੱਤਵਪੂਰਨ ਰੂਪ ਹੈ, ਜਨਨੀ ਦਾ, ਮਾਂ ਦਾ ਜਿਸ ਨੇ ਜੀਵਨ ਭਰ ਗ੍ਰਹਿਣ ਕੀਤੇ ਗੁਣ ਅਤੇ ਚੰਗੇ ਸੰਸਕਾਰ ਆਪਣੇ ਬੱਚਿਆਂ ਨੂੰ ਦੇਣੇ ਹੁੰਦੇ ਹਨ, ਮਾਂਹੀ ਹੈ ਜੋ ਆਪਣੇ ਬੱਚਿਆਂ ਨੂੰ ਦਾਤੇ, ਭਗਤ ਅਤੇ ਸੂਰਮੇ ਬਣਾ ਸਕਦੀ ਹੈ।

ਜਥੇਦਾਰ ਜੀ ਕਿਹਾ ਸੁਹਾਗਣ ਦੀ ਨਿਸ਼ਾਨੀ ਹੈ ਉਹ ਆਪਣੇ ਪਤੀ ਨਾਲ ਪਿਆਰ ਕਰਦੀ ਹੈ ਇਸੇ ਤਰ੍ਹਾਂ ਉਹ ਸਿੱਖ ਵੀ ਧੰਨ ਹਨ ਜਿਨਾਂ ਦਾ ਗੁਰੂ ਪ੍ਰਮੇਸ਼ਰ ਨਾਲ ਪ੍ਰੇਮ ਹੈ। ਇਨਾਂ ਗੁਣਾਂ ਵਾਲੀਆਂ ਮਾਤਾਵਾਂ ਸਨ- ਮਾਤਾ ਬਲਵੀਰ ਕੌਰ ਅਤੇ ਬੀਬੀ ਦਤਵਿੰਦਰ ਕੌਰ ਜਿਨ੍ਹਾਂ ਨੇ ਆਪ ਸੇਵਾ- ਸਿਮਰਨ ਤੇ ਨਿਸ਼ਕਾਮ ਭਗਤੀ ਨਾਲ ਆਪਣੇ ਸਤਿਗੁਰ ਨੂੰ ਰੀਝਾਇਆ ਅਤੇ ਆਪਣੇ ਬੱਚਿਆਂ ਨੂੰ ਗੁਰਮਿਤ ਦੀ ਗੁੜਤੀ ਦੇ ਕੇ ਗੁਰੂ ਚਰਨਾਂ ਨਾਲ ਜੋੜਿਆ।

ਮਾਤਾ ਬਲਵੀਰ ਕੌਰ ਜੀ ਨੂੰ ਸ਼੍ਰੀ ਭੈਣੀ ਸਾਹਿਬ ਵਿੱਚ ਸਾਰੇ ਹੀ ਬੀਜੀ ਕਹਿੰਦੇ ਸਨ ਕਿਉਂਕਿ ਸਭ ਨੂੰ ਉਹਨਾਂ ਤੋਂ ਮਾਵਾਂ ਵਾਲਾ ਪਿਆਰ ਤੇ ਨਿੱਘ ਮਿਲਦਾ ਸੀ।-' ਜਹ ਬੈਸਾਲਹਿ ਤਹ ਬੈਸਾ ਸੁਆਸੀ ਜੀ ਭੇਜਹਿ ਤਹ ਜਾਵਾ।' ਗੁਰਵਾਕ ਅਨੁਸਾਰ ਮਾਤਾ ਬਲਵੀਰ ਕੌਰ ਨੇ ਜੀਵਨ ਭਰ ਸਤਿਗੁਰ ਸੱਚੇ ਪਾਤਸ਼ਾਹ ਜੀ ਦੇ ਹੁਕਮ ਵਿੱਚ ਸੇਵਾ ਕੀਤੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਆਪ ਦਾ ਆਨੰਦ ਕਾਰਜ ਗੁਰੂ ਪਿਆਰੇ ਗੁਰਸਿੱਖ ਸੰਤ ਕਸ਼ਮੀਰਾ ਸਿੰਘ ਜੀ ਨਾਲ ਹੋਇਆ। ਜੀਵਨ ਨਗਰ ਰਹਿੰਦਿਆਂ ਮਾਤਾ ਚੰਦ ਕੌਰ ਜੀ ਦੇ ਹੁਕਮ ਅਨੁਸਾਰ ਗੁਰੂ ਘਰ ਵਿੱਚ ਰਹਿਣ ਵਾਲੇ ਸਿੱਖਾਂ-ਸਾਧਾਂ ਦੇ ਕੱਪੜੇ ਸੀਣੇ। 1975 ਵਿੱਚ ਸਵਾ ਲੱਖ ਪਾਠਾਂ ਵਿੱਚ ਲੱਗਣ ਦਾ ਹੁਕਮ ਹੋਇਆ ਤਾਂ ਆਪਣੀਆਂ ਦੋਵੇਂ ਵੱਡੀਆਂ ਪੁੱਤਰੀਆਂ ਅਤੇ ਵੱਡੇ ਸਪੁੱਤਰ ਸੁਖਦੇਵ ਸਿੰਘ ਨਾਲ ਸ੍ਰੀ ਭੈਣੀ ਸਾਹਿਬ ਪਾਠਾਂ ਵਿੱਚ ਆ ਗਏ। ਫਿਰ ਹੁਕਮ ਅਨੁਸਾਰ ਜੀਵਨ ਨਗਰ ਛੱਡ ਕੇ ਪਰਿਵਾਰ ਸਹਿਤ ਸ਼੍ਰੀ ਭੈਣੀ ਸਾਹਿਬ ਹੀ ਆ ਗਏ। ਭੈਣੀ ਸਾਹਿਬ ਜਿਸ ਸੇਵਾ ਤੇ ਵੀ ਹੁਕਮ ਹੋਇਆ ਤਨੋ-ਮਨੋ ਹੋ ਕੇ ਨਿਸ਼ਕਾਮ ਸੇਵਾ ਕੀਤੀ। ਸੁੱਚ- ਸੋਧ ਨੂੰ ਆਖਰੀ ਸਵਾਸਾਂ ਤੱਕ ਨਿਭਾਇਆ ਅਤੇ ਨਾਮ ਸਿਮਰਨ ਅਤੇ ਗੁਰਬਾਣੀ ਦੇ ਪਾਠ ਕਰਦਿਆਂ ਗੁਰਮੁਖਾਂ ਵਾਂਗ ਜੀਵਨ ਬਤੀਤ ਕੀਤਾ। ਇਤਿਹਾਸ ਵਿੱਚ ਅਸੀਂ ਮਾਤਾ ਮਦਾਲਸਾ ਬਾਰੇ ਪੜਦੇ ਹਾਂ ਕਿ ਉਸਨੇ ਆਪਣੇ ਸਾਰੇ ਪੁੱਤਰਾਂ ਨੂੰ ਸਦ ਉਪਦੇਸ਼ ਤੇ ਸ਼ੁਭ ਸਿੱਖਿਆ ਦੇ ਕੇ, ਨਿਰਮੋਹੀ ਬਣਾ ਦਿੱਤੇ। ਉਸਦੇ ਸਾਰੇ ਪੁੱਤਰ ਹੀ ਬ੍ਰਹਮ ਗਿਆਨੀ ਹੋਏ। ਇਸੇ ਤਰ੍ਹਾਂ ਮਾਤਾ ਬਲਵੀਰ ਕੌਰ ਜੀ ਆਪ ਗੁਰੂ- ਚਰਨਾਂ ਦੇ ਅਨਿੰਨ ਸੇਵਕ ਸੀ ਅਤੇ ਆਪ ਨੇ ਆਪਣੇ ਤਿੰਨੇ ਪੁੱਤਰਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਇਸ ਤੋਂ ਵੱਡੇ ਭਾਗ ਹੋਰ ਕੀ ਹੋਣਗੇ। ਮਾਤਾ ਦੇ ਤਿੰਨਾਂ ਪੁੱਤਰਾਂ ਸੁਖਦੇਵ ਸਿੰਘ, ਹਰਪਾਲ ਸਿੰਘ, ਰਛਪਾਲ ਸਿੰਘ ਨੂੰ ਸਤਿਗੁਰ ਜਗਜੀਤ ਸਿੰਘ ਜੀ ਦੇ ਹਜੂਰੀ ਸੇਵਕ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਮਾਤਾ ਬਲਵੀਰ ਕੌਰ ਦਾ ਜਨਮ ਪਿੰਡ ਪਿੰਡੀ ਦਾਨ ਜ਼ਿਲਾ ਸ਼ੇਖੂਪੁਰ (ਪਾਕਿਸਤਾਨ) ਵਿਖੇ ਸੰਨ 1940 ਵਿੱਚ ਪਿਤਾ ਸੰਤ ਸਾਧੂ ਸਿੰਘ ਅਤੇ ਮਾਤਾ ਗੁਰਦਿਆਲ ਕੌਰ ਦੇ ਗ੍ਰਹਿ ਵਿਖੇ ਹੋਇਆ। ਆਪ ਦੇ ਦਾਦਾ ਸੰਤ ਸੁੰਦਰ ਸਿੰਘ ਅਤੇ ਦਾਦੀ ਬੀਬੀ ਲਛਮੀ ਸੀ। ਬੀਬੀ ਲਛਮੀ ਨੂੰ ਮਾਤਾ ਜੀਵਨ ਕੌਰ ਜੀ ਮਾਈ ਮਸਤਾਨੀ ਕਿਹਾ ਕਰਦੇ ਸਨ। ਦਾਦੀ ਨੇ ਆਪਣੀ ਪੋਤਰੀ ਬਲਬੀਰ ਕੌਰ ਨੂੰ ਨੌ ਵਰਿਆਂ ਦੀ ਉਮਰ ਵਿੱਚ ਸੋਧ ਰਖਵਾ ਦਿੱਤੀ ਅਤੇ ਸੇਵਾ ਅਤੇ ਸਿਮਰਨ ਦੀ ਲਾਗ ਵੀ ਲਾ ਦਿੱਤੀ। ਮਾਤਾ ਬਲਬੀਰ ਕੌਰ ਦੇ ਕਾਕਾ ਸੰਤ ਅੱਛਰ ਸਿੰਘ ਵਿਰਕਤ ਸਾਧੂ ਸਨ ਅਤੇ ਆਪ ਦੇ ਪਤੀ ਸੰਤ ਕਸ਼ਮੀਰਾ ਸਿੰਘ ਵੀ ਗੁਰੂ ਕੇ ਅਨਿੰਨ ਸੇਵਕ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੁਦਾਮੇ ਹੀ ਸਨ। ਇਸ ਤਰ੍ਹਾਂ ਮਾਤਾ ਦੇ ਪੇਕੇ ਅਤੇ ਸੋਹਰਾ ਪਰਿਵਾਰ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਅਪਾਰ ਬਖਸ਼ਿਸ਼ਾਂ ਦੇ ਪਾਤਰ ਸਨ। ਆਪ ਦੇ ਤਿੰਨ ਪੁੱਤਰ ਅਤੇ ਚਾਰ ਪੁੱਤਰੀਆਂ ਹਨ। ਪੁੱਤਰ-ਪੋਤਰਿਆਂ ਪੋਤਰੀਆਂ, ਧੀਆਂ, ਦੋਹਤੇ, ਦੋਹਤੀਆਂ ਵਾਲੇ ਵੱਡੇ ਬਾਗ ਪਰਿਵਾਰ ਵਿੱਚ ਵੀ 'ਜੈਸੇ ਜਲ ਮਹਿ ਕਮਲ ਅਲੇਪ' ਨਿਰਲੇਪ ਰਹਿੰਦਿਆਂ ਮਾਤਾ ਬਲਬੀਰ ਕੌਰ 85 ਕੁ ਵਰਿਆਂ ਦੀ ਆਰਜਾ ਪੂਰੀ ਕਰਕੇ ਜੀਵਨ ਯਾਤਰਾ ਸਫਲ ਅਤੇ ਸੰਪੂਰਨ ਕੀਤੀ।

ਇਸੇ ਤਰ੍ਹਾਂ ਅੱਜ ਦੂਸਰਾ ਭੋਗ ਸੀ ਬੀਬੀ ਦਤਵਿੰਦਰ ਕੌਰ ਦਾਤੋ ਸੁਪਤਨੀ ਸੂਬਾ ਅਮਰੀਕ ਸਿੰਘ ਨਿਮਿਤ। ਬੀਬੀ ਦਾਤੋ ਵੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਅਪਾਰ ਬਖਸ਼ਿਸ਼ਾਂ ਦੇ ਪਾਤਰ ਸਨ। ਆਪ ਮਿੱਠ ਬੋਲੜੇ, ਸੁਨਿਮਰ

ਅਤੇ ਸੇਵਾ ਸਿਮਰਨ ਦੀ ਮੂਰਤ ਸਨ। ਘਰ ਆਏ ਸਿੱਖਾਂ ਸਾਧਾਂ ਦੀ ਬੜੀ ਸ਼ਰਧਾ ਨਾਲ ਸੇਵਾ ਕਰਨੀ। ਨਾਮ ਬਾਣੀ ਦੇ ਨਿਤਨੇਮ ਵਿਚ ਕਦੇ ਵਿਘਨ ਨਾ ਪੈਣ ਦੇਣਾ। ਆਪ ਨਾਮ ਜੱਪਣਾ ਤੇ ਮੁਹੱਲੇ ਦੀਆਂ ਸ਼ਹਿਰ ਦੀਆਂ ਬੀਬੀਆਂ ਨੂੰ ਇਕੱਠਿਆਂ ਕਰਕੇ ਨਾਮ ਜਪਵਾਉਣਾ। ਇਸ ਤਰ੍ਹਾਂ ਦਾ ਉੱਚਾ ਸੁੱਚਾ ਜੀਵਨ ਸੀ ਬੀਬੀ ਦਾਤੋ ਦਾ।

ਉਪਰੰਤ 1 ਤੋਂ 2 ਵਜੇ ਤੱਕ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿਚ ਨਾਮ ਸਿਮਰਨ ਹੋਇਆ। ਨਿਤਨੇਮ ਦੌਰਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਦਾ ਰਿਕਾਰਡ ਉਹ ਪਾਵਨ ਉਪਦੇਸ਼ ਸੰਗਤਾਂ ਨੇ ਸਰਵਣ ਕੀਤਾ। ਨਿਤਨੇਮ ਦੌਰਾਨ ਹੀ ਸੰਤ ਨਿਸ਼ਾਨ ਸਿੰਘ ਜੀ ਨੇ ਬੜੀ ਵਿਧਵਤਾ ਪੂਰਨ ਕਥਾ ਕੀਤੀ। ਸੰਤ ਜੀ ਨੇ ਗੁਰਬਾਣੀ ਸਿਧਾਂਤ ਅਨੁਸਾਰ ਮਨੁੱਖਾ ਜੀਵਨ ਦੇ ਉਦੇਸ਼ ਅਤੇ ਗੁਰਮਤਿ ਜੀਵਨ-ਜਾਂਚ ਬਾਰੇ ਵਖਿਆਣ ਕੀਤਾ। ਗੁਰਵਾਕ ਹੈ ਸਹਜ ਸੁਹੇਲਾ ਫਲ ਮਸਕੀਨੀ॥ ਸਤਿਗੁਰ ਅਪਨੇ ਮੋਹਿ ਦਾਨ ਦੀਨੀ॥ ਮਸਕੀਨੀ ਭਾਵ ਨਿਮਰਤਾ ਹੀ ਹੈ ਜਿਸਦੇ ਧਾਰਣੀ ਬਣ ਕੇ ਗੁਰ ਪਰਿਵਾਰ ਹੋਇਆ ਜਾ ਸਕਦਾ ਹੈ। ਗੁਰਮੁਖ ਬਣਕੇ ਹੀ ਮਨੁੱਖਾ ਜਨਮ ਸਫਲ ਕੀਤਾ ਜਾ ਸਕਦਾ ਹੈ। ਗੁਰੂ ਸਾਹਿਬ ਫ਼ਰਮਾਉਂਦੇ ਹਨ ਜੋ ਧਰਮ ਕਮਾਵੈ ਤਿਸ ਧਰਮ ਨਾਉ ਹੋਵੈ। ਜੋ ਧਰਮ ਕਮਾਉਂਦਾ ਹੈ ਉਸਦਾ ਨਾਉਂ ਧਰਮੀ ਹੋ ਜਾਂਦਾ ਹੈ ਅਤੇ ਪਾਪ ਕਮਾਣੈ ਪਾਪੀ ਜਾਣੀਐ ਜਿਹੜਾ ਮਨੁੱਖ ਪਾਪ ਕਰਦਾ ਹੈ ਉਹ ਪਾਪੀ ਅਖਵਾਉਂਦੇ ਹਨ। ਗੁਰੂ ਚਰਨਾਂ ਵਿਚ ਸੇਵਾ ਸਿਮਰਨ ਕਰਦਿਆਂ ਜਿਸਦੇ ਮਨ ਵਿਚ ਕੋਈ ਵਿਕਾਰ ਨਾ ਰਹਿਣ ਜਾਣ ਜੋ ਪੱਖ ਵਿਰੋਧ ਆਪਣਾ ਬਿਗਾਨਾ, ਰਾਗ ਦਵੈਸ਼ ਤੋਂ ਨਿਰਲੇਪ ਹੋ ਜਾਂਦਾ ਹੈ ਉਹ ਜੀਵਨ ਮੁਕਤਿ ਹੋ ਜਾਂਦਾ ਹੈ। ਸੰਤ ਜੀ ਨੇ ਗੁਰਬਾਣੀ ਦੇ ਪ੍ਰਮਾਣਾਂ ਨਾਲ ਬੜੀ ਵਿਧਵਤਾ ਭਰਪੂਰ ਵਖਿਆਣ ਕੀਤਾ।

ਨੌਵੇਂ ਮਹੱਲੇ ਦੇ ਸਲੋਕਾਂ ਦੇ ਪਾਠ ਤੋਂ ਬਾਅਦ ਰਾਮਕਲੀ ਸਦ ਦਾ ਪਾਠ ਹੋਇਆ। ਸੂਬਾ ਬਲਵਿੰਦਰ ਸਿੰਘ ਨੇ ਅਰਦਾਸ ਕੀਤੀ। ਇਕ ਇਕ ਪਾਠ ਬੀਬੀ ਬਲਬੀਰ ਕੌਰ ਅਤੇ ਬੀਬੀ ਦਤਵਿੰਦਰ ਕੌਰ ਨਮਿੱਤ 1-1 ਪਾਠ ਕੁਲਦੀਪ ਸਿੰਘ ਅਤੇ ਅਰਸਾ ਸਿੰਘ ਨਮਿੱਤ ਵਰੀਣੇ ਦਾ 11 ਪਾਠ ਹਰਜਿੰਦਰ ਸਿੰਘ ਅਤੇ ਬੀਬੀ ਸੁਖਵਿੰਦਰ ਕੌਰ ਦੀ ਯਾਦ ਵਿਚ, ਇਕ ਇਕ ਪਾਠ ਸ. ਸਤਵੰਤ ਸਿੰਘ ਤੇ ਬੀਬੀ ਸੰਦੀਪ ਕੌਰ ਦੀ ਦੇਹ ਅਰੋਗਤਾ ਨਮਿੱਤ, ਇਕ ਪਾਠ ਜਾਨਵਰ ਦੀ ਗਤੀ ਵਾਸਤੇ। ਹੋਰ ਪਾਠ ਜਿਸ ਭਾਵਨਾ ਨਾਲ ਕਰਵਾਏ ਗਏ, ਪ੍ਰਵਾਨ ਹੋਣ ਦੀ ਅਰਦਾਸ ਹੋਈ।

ਪਾਠਾਂ ਦੇ ਭੋਗ ਉਪਰੰਤ ਸ੍ਰੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਸੇਵਕ ਹਰਪਾਲ ਸਿੰਘ ਨੇ ਸੰਗਤ ਦੇ ਰੂ-ਬ-ਰੂ ਕੁਝ ਸ਼ਬਦ ਕਹੇ-

ਜਿਸ ਸਤਿਗੁਰੂ ਦੀ ਫੁਲਵਾੜੀ ਦੇ ਦੋ ਫੁੱਲ ਮਾਤਾ ਬਲਬੀਰ ਕੌਰ ਅਤੇ ਬੀਬੀ ਦਤਵਿੰਦਰ ਕੌਰ ਆਪਣੀ ਆਰਜ਼ਾ ਪੂਰੀ ਕਰਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ ਉਸ ਸਤਿਗੁਰੂ ਨੂੰ ਯਾਦ ਕਰਦਿਆਂ ਬੜੇ ਪ੍ਰੇਮ ਨਾਲ ਆਖੀਏ ਧੰਨ ਸਤਿਗੁਰੂ ਜਗਜੀਤ ਸਿੰਘ ਜੀ। ਸੇਵਕ ਨੇ ਗੁਰਬਾਣੀ ਦੇ ਸ਼ਬਦ- ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ॥ ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ॥ ਆਪੋ- ਆਪਣੀ ਵਾਰੀ ਸਭ ਨੇ ਇਸ ਸੰਸਾਰ ਨੂੰ ਛੱਡ ਕੇ ਚਲੇ ਜਾਣਾ ਹੈ। ਸਭ ਦਾ ਆਉਣਾ ਜਾਣਾ ਪ੍ਰਮੇਸ਼ਰ ਦੇ ਹੁਕਮ ਦੀ ਖੇਡ ਹੈ ਪਰ ਸਫਲ ਜਨਮ ਉਹੋ ਹੈ ਜਿਸਨੇ ਗੁਰੂ ਚਰਨਾਂ ਵਿਚ ਨਾਮ ਜੱਪ ਕੇ ਸੇਵਾ ਕਰਕੇ ਜੀਵਨ ਬਤੀਤ ਕੀਤਾ। ਅੱਜ ਜਿਨ੍ਹਾਂ ਦੀ ਯਾਦ ਵਿਚ ਪਾਠਾਂ ਦੇ ਭੋਗ ਪਾਏ ਗਏ ਹਨ- ਮਾਤਾ ਬਲਬੀਰ ਕੌਰ ਸਾਡੇ ਬੀਜੀ ਅਤੇ ਬੀਬੀ ਦਤਵਿੰਦਰ ਕੌਰ ਸੁਪਤਰੀ ਸੂਬਾ ਅਮਰੀਕ ਸਿੰਘ ਕੱਕੜਾਂ।

ਬੀਜੀ ਦੇ ਪਿਤਾ ਸੰਤ ਸਾਧੂ ਸਿੰਘ ਅਤੇ ਮਾਤਾ ਗੁਰਦਿਆਲ ਕੌਰ ਸਨ। ਸੰਤ ਸਾਧੂ ਸਿੰਘ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸ਼ਰਧਾਲੂ ਸਿੱਖ ਸਨ। ਪਾਕਿਸਤਾਨ ਬਣਨ ਤੋਂ ਪਹਿਲਾਂ ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੁਕਮ ਕੀਤਾ: ਸਾਧੂ ਸਿੰਘ ਜਦੋਂ ਸੁਨੇਹਾ ਭੇਜਾਂਗਾ ਪਰਿਵਾਰ ਸਮੇਤ ਰਾਵੀ ਪਾਰ ਕਰਕੇ ਆ ਜਾਣਾ ਹੈ। ਉਸੇ ਵੇਲੇ ਘਰ ਵੇਚ ਦਿੱਤਾ ਕੁਝ ਮਹੀਨੇ ਕਿਰਾਏ ਤੇ ਰਹੇ ਹੁਕਮ ਆਇਆ ਤਾਂ ਪਰਿਵਾਰ ਸਮੇਤ ਆ ਗਏ। ਜਿਥੇ ਵੀ ਹੁਕਮ ਹੋਇਆ, ਪਹਿਲੋਂ ਸੰਤ ਨਗਰ, ਐਲਬਾਬਾਦ, ਨੌਹਰ ਤੇ ਅਖੀਰ ਸੁਹੇਵਾ ਸਾਹਿਬ ਜਾ ਡੇਰੇ ਲਾਇਆ ਅਤੇ ਅਖੀਰ ਤੱਕ ਸੁਹੇਵਾ ਸਾਹਿਬ ਹੀ ਰਹੇ। ਸਾਡੇ ਬੀਜੀ ਦੇ ਦਾਦੀ ਬੀਬੀ ਲੱਛਮੀਂ ਵੱਡੀ ਸੋਧ ਰੱਖਦੀ ਸੀ ਸਤਿਗੁਰੂ ਪ੍ਰਤਾਪ ਸਿੰਘ ਜੀ ਬੀਬੀ ਲੱਛਮੀਂ ਦੀ ਅਰਜ਼ ਪ੍ਰਵਾਨ ਕਰਕੇ ਮਾਈ ਲੱਛਮੀਂ ਦਾ ਬਣਾਇਆ ਲੰਗਰ ਛਕਿਆ। ਸਾਡੇ ਬੀਜੀ ਨੂੰ ਗੁੜਤੀ ਮਿਲੀ ਸੀ ਨਾਮ ਬਾਣੀ ਦੀ ਸੇਵਾ ਸਿਮਰਨ ਦੀ। ਇਸ ਲਈ ਉਨ੍ਹਾਂ ਦਾ ਪੂਰਾ ਜੀਵਨ ਗੁਰੂ ਬਚਨ ਨੂੰ ਸਮਰਪਿਤ ਰਿਹਾ। 9 ਸਾਲ ਦੀ ਉਮਰ ਤੋਂ ਸੋਧ ਰੱਖੀ, ਤੋੜ ਨਿਭਾਈ 1974 ਵਿਚ ਅੱਸੂ ਦੇ ਮੇਲੇ ਤੇ ਵੀਰਵਾਰ ਮੌਨ ਵਰਤ ਰੱਖਣ ਦਾ ਹੁਕਮ ਹੋਇਆ, ਉਹ ਵੀ ਵੀਰਵਾਰ ਦਾ ਮੋਨ ਵਰਤ

ਅਖੀਰ ਤੱਕ ਰੱਖਦੇ ਰਹੇ। ਅੱਠੀਂ ਪਹਿਰੀ ਪ੍ਰਸ਼ਾਦਾ ਛਕਣਾ, ਸ਼ਾਮ ਨੂੰ ਜਲ-ਪਾਣੀ, ਦੁੱਧ, ਸਬਜੀ ਵਗੈਰਾ ਛਕਣੀ। ਜੇ ਰਾਤ ਸੌਣ ਤੋਂ ਲੇਟ ਵੀ ਹੋ ਜਾਣਾ ਦੁਪਹਿਰੇ ਵੀ ਕਥਾ, ਨਿਤਨੇਮ, ਕੀਰਤਨ ਵਿਚ ਨਾਗਾ ਨਹੀਂ ਪੈਣ ਦੇਣਾ। ਜਦੋਂ ਸਤਿਗੁਰੂ ਜਗਜੀਤ ਸਿੰਘ ਨੇ ਹੁਕਮ ਕੀਤਾ ਕਿ ਭੈਣੀ ਸਾਹਿਬ ਸੰਗਤ ਆਸਾ ਦੀ ਵਾਰ ਤੋਂ ਬਾਅਦ ਇਕ ਘੰਟਾ ਝਾੜੂ ਮਾਰਿਆ ਕਰੇ। ਹੁਕਮ ਮੰਨ ਕੇ ਕਈ ਵਰ੍ਹੇ ਜਿਨ੍ਹਾਂ ਚਿਰ ਸਰੀਰ ਨੇ ਸਾਥ ਦਿੱਤਾ, ਝਾੜੂ ਮਾਰਦੇ ਰਹੇ। ਇਹਨਾਂ ਥਾਂ ਓਦੋਂ ਕੱਚਾ ਹੁੰਦਾ ਸੀ ਗੋਲ ਮੰਦਰ ਤੋਂ ਸਰੋਵਰ ਤੇ ਹਰੀ ਮੰਦਰ ਤੱਕ ਝਾੜੂ ਮਾਰਦਿਆਂ ਦੋ ਢਾਈ ਘੰਟੇ ਲੱਗ ਜਾਂਦੇ। ਹਾਕੀ ਟੀਮ ਦੀ ਸੇਵਾ ਕੀਤੀ, ਮਾਤਾ ਜੀ ਦੇ ਹੁਕਮ ਅਨੁਸਾਰ ਸਿੱਖਾਂ-ਸਾਧੂਆਂ ਦੇ ਕੱਪੜੇ ਸੀਣੇ, ਕਈਆਂ ਬੀਬੀਆਂ ਨੂੰ ਕਪੜੇ ਕੱਟਣੇ ਅਤੇ ਸੀਣੇ ਸਿਖਾਏ ਵੀ। ਸਾਡੇ ਸਾਰੇ ਭੈਣਾਂ ਭਰਾਵਾਂ ਦੇ ਆਨੰਦ ਕਾਰਜ ਸਤਿਗੁਰੂ ਜਗਜੀਤ ਸਿੰਘ ਜੀ ਨੇ ਕੀਤੇ। ਜਿਥੇ ਹੁਕਮ ਹੋਇਆ ਸਾਡੇ ਬੀਬੀ ਨੇ ਧੰਨਭਾਗ ਜਾਣੇ।

ਸਾਡੇ ਬੀਬੀ ਆਖਿਆ ਕਰਦੇ ਸਨ ਕਿ ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਬਾਅਦ ਸਤਿਗੁਰੂ ਜਗਜੀਤ ਸਿੰਘ ਜੀ ਪੰਥ ਦੀ ਵਾਗਡੋਰ ਸੰਭਾਲੀ ਤਾਂ ਇਕ ਵਾਰ ਐਸ ਤਰ੍ਹਾਂ ਮਹਿਸੂਸ ਹੋਇਆ ਕਿ ਸਤਿਗੁਰੂ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਸਨ ਇਹ ਤੇ ਵੱਡੇ ਬਾਬਾ ਜੀ ਹਨ ਪਰ ਕੁਝ ਸਮੇਂ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਇਵੇਂ ਪ੍ਰਤਾਪ ਵਧਿਆ ਸੱਚੇ ਪਾਤਸ਼ਾਹ ਜੀ ਨੇ ਏਨ੍ਹਾ ਪਿਆਰ ਬਖਸ਼ਿਆ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲੋਂ ਵੀ ਵੱਧ ਲਗਾਓ ਹੋ ਗਿਆ। ਪਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਦੇਹ ਦਾ ਓਹਲਾ ਕਰਨ ਉਪਰੰਤ ਇਕ ਛਿਨ ਪਲ ਲਈ ਵੀ ਮਨ ਵਿਚ ਕੋਈ ਸ਼ੰਕਾ ਜਾਂ ਦੁਬਿਧਾ ਨਹੀਂ ਆਈ। ਹਜ਼ੂਰ ਸਤਿਗੁਰੂ ਜੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਹੀ ਰੂਪ ਲੱਗੇ। ਸਾਡੇ ਮਾਤਾ-ਪਿਤਾ ਨੇ ਸਾਨੂੰ ਗੁੜਤੀ ਸੇਵਾ ਦੀ ਦਿੱਤੀ। ਸੱਚੇ ਪਾਤਸ਼ਾਹ ਜੀ ਦਾ ਹੁਕਮ ਮੰਨਣ ਦੀ ਸਿਖਿਆ ਦਿੱਤੀ। ਸਾਡੇ ਮਾਤਾ-ਪਿਤਾ ਦੀ ਸੇਵਾ ਗੁਰ ਦਰ ਪ੍ਰਵਾਨ ਹੋਈ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਾਨੂੰ ਆਪਣੀ ਹਜ਼ੂਰੀ ਸੇਵਾ ਦਾ ਸੁਭਾਗ ਬਖਸ਼ਿਆ। ਸ. ਆਤਮਾ ਸਿੰਘ ਦੀ ਸਪੁੱਤਨੀ ਬੀਬੀ ਲੀਲ੍ਹਾਵੰਤੀ ਜੀ ਦੇ ਭੋਗ ਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਚਨ ਕੀਤਾ ਸੀ ਕਿ ਸਰੀਰ ਦੇ ਚੜ੍ਹਾਈ ਕਰਨ ਤੇ ਪਾਠਾਂ ਦੇ ਭੋਗ ਪਾਉਣੇ, ਇਹ ਮਰਿਯਾਦਾ ਹੈ, ਕਰਨੀ ਹੀ ਹੁੰਦੀ ਹੈ। ਪਰ ਸਤਿਗੁਰਾਂ ਦੇ ਸਿੱਖ ਉਸੇ ਵੇਲੇ ਹੀ ਸਤਿਗੁਰਾਂ ਦੇ ਚਰਨਾਂ ਵਿਚ ਪਹੁੰਚ ਜਾਂਦੇ ਹਨ। ਜਦੋਂ ਅਸੀਂ ਮਸਤਾਨਗੜ੍ਹੋਂ ਭੋਗ ਤੇ ਦਰਸ਼ਨ ਕਰਕੇ ਆ ਰਹੇ ਸਾਂ ਵੀਰਵਾਰ ਸੀ ਸਾਡੇ ਬੀਜੀ ਨੇ ਅਰਦਾਸ ਕੀਤੀ ਹੋਈ ਸੀ, ਨਿਤਨੇਮ ਕਰ ਰਹੇ ਸਨ। ਭਿਆਨਕ ਐਕਸੀਡੈਂਟ ਹੋਇਆ ਕੁਝ ਸੈਕਿੰਡਾਂ ਵਿਚ ਹੀ ਬੀਜੀ ਪੂਰੇ ਹੋ ਗਏ। ਸਾਡੇ ਮਾਮਾ ਕੁਲਦੀਪ ਸਿੰਘ ਤੇ ਮਾਸੀ ਜੀ ਨੂੰ ਵੀ ਸੱਟਾਂ ਲੱਗੀਆਂ। ਕੁਲਦੀਪ ਸਿੰਘ ਨੂੰ ਸਤਿਗੁਰੂ ਉਦੇ ਸਿੰਘ ਜੀ ਦਾ ਦਰਸ਼ਨ ਹੋਇਆ ਸੱਚੇ ਪਾਤਸ਼ਾਹ ਬੀਬੀ ਦੇ ਸਿਰਹਾਣੇ ਖੜੇ ਹੱਥ ਦੇ ਇਸ਼ਾਰੇ ਨਾਲ ਮੈਨੂੰ ਹੌਂਸਲਾ ਰੱਖਣ ਦਾ ਇਸ਼ਾਰਾ ਕਰ ਰਹੇ ਹਨ। ਇਸ ਤਰ੍ਹਾਂ ਸਾਡੇ ਬੀਜੀ ਸਤਿਗੁਰੂ ਚਰਨਾਂ ਵਿਚ ਜਾ ਬਿਰਾਜੇ। ਨਿਗਰਾਨ ਸੇਵਾ ਸੰਸਥਾ ਵਲੋਂ ਆਏ ਸ਼ੋਕ ਸੰਦੇਸ਼ ਲਈ ਧੰਨਵਾਦ ਕੀਤਾ।

ਉਪਰੰਤ ਸੇਵਕ ਰਛਪਾਲ ਸਿੰਘ ਨੇ ਆਪਣੇ ਮਾਤਾ ਜੀ ਬਾਰੇ ਕੁਝ ਯਾਦਾਂ ਸੰਗਤਾਂ ਨਾਲ ਸਾਂਝੀਆਂ ਕੀਤੀਆਂ। ਆਪ ਨੇ ਦੱਸਿਆ ਕਿ ਅਸੀਂ ਤਿੰਨੇ ਭਰਾ ਜਦੋਂ ਛੋਟੇ-ਛੋਟੇ ਹੁੰਦੇ ਸਾਂ, ਜੀਵਨ ਨਗਰ ਮੰਦਿਰ ਵਿਚ ਨਿਤਨੇਮ ਹੁੰਦਾ ਸੀ ਬਾਅਦ ਦੁਪਹਿਰ ਸਾਨੂੰ ਸੱਚੇ ਪਾਤਸ਼ਾਹ ਇਸ਼ਾਰਾ ਕਰਕੇ ਅੱਗੇ ਬੈਠਣ ਦਾ ਹੁਕਮ ਕਰਨਾ, ਸਾਡੇ ਪਾਸ ਮਾਲਾ ਨਹੀਂ ਸਨ, ਸੱਚੇ ਪਾਤਸ਼ਾਹ ਜੀ ਨੇ ਸਾਡੇ ਬੀਜੀ ਨੂੰ ਹੁਕਮ ਕੀਤਾ: ਬੱਚਿਆਂ ਨੂੰ ਮਾਲਾ ਦਿਉ। ਉਨ੍ਹਾਂ ਨੇ ਆਪ ਮਾਲਾ ਬਣਾ ਕੇ ਸਾਨੂੰ ਦਿੱਤੀਆਂ ਇਕ ਦਿਨ ਕੋਠੀ ਵਿਚ ਅਰਜ਼ ਕਰਨ ਗਏ, ਮੇਰੇ ਬੀਜੀ ਨਾਲ ਮੈਂ ਸਾਂ, ਸੱਚੇ ਪਾਤਸ਼ਾਹ ਜੀ ਮੰਜੇ ਤੇ ਲੇਟੇ ਸਨ, ਪਾਸ ਮਾਤਾ ਜੀ ਬੈਠੇ ਸਨ, ਮਾਤਾ ਜੀ ਨੇ ਇਸ਼ਾਰਾ ਕਰਕੇ ਸੱਦ ਲਿਆ, ਸਾਡੇ ਨਾਨਾ ਜੀ ਬਾਰੇ ਅਰਜ ਕਰਨੀ ਸੀ। ਮੈਂ ਮੱਥਾ ਟੇਕ ਕੇ ਪਾਤਸ਼ਾਹ ਜੀ ਦੇ ਪਾਸ ਹੀ ਖਲੋ ਗਿਆ।

ਪਾਤਸ਼ਾਹ ਜੀ ਹੁਕਮ ਕੀਤਾ "ਬੀਬੀ ਤੁਹਾਨੂੰ ਕਿਹਾ ਸੀ: ਬੱਚਿਆਂ ਨੂੰ ਮਾਲਾ ਦੇਣੀਆਂ ਹਨ।" ਬੀਜੀ ਨੇ ਅਰਜ ਕੀਤੀ: ਗਰੀਬ ਨਿਵਾਜ ਮਾਲਾ ਦੇ ਦਿੱਤੀਆਂ ਹਨ। ਉਸ ਵਕਤ ਮੈਂ ਛੇ ਕੁ ਸਾਲ ਦਾ ਹੋਵਾਗਾਂ। ਮੈਨੂੰ ਸੱਚੇ ਪਾਤਸ਼ਾਹ ਪੁੱਛਿਆ: "ਕਾਕਾ ਮਾਲਾ ਕਿਥੇ ਹੈ? ਮੈਂ ਜ਼ੇਬ 'ਚੋਂ ਕੱਢ ਕੇ ਅਰਜ ਕੀਤੀ: ਐ ਮੇਰੀ ਜ਼ੇਬ ਵਿਚ ਸੀ ਮਾਲਾ। ਬਚਨ ਹੋਇਆ "ਮਾਲਾ ਜ਼ੇਬ ਦਾ ਨਹੀਂ, ਗਲੇ ਦਾ ਸ਼ਿੰਗਾਰ ਹੈ। ਮਾਲਾ ਗਲ ਵਿਚ ਪਾਈਦੀ ਹੈ।" ਮੈਂ ਉਸੇ ਵੇਲੇ ਮਾਲਾ ਜ਼ੇਬ ਚੋਂ ਕੱਢ ਕੇ ਗਲ ਵਿਚ ਪਾ ਲਈ। ਗਰੀਬ ਨਿਵਾਜ ਨੇ ਮੈਨੂੰ ਗਰਦਨ ਕੋਲੋਂ ਫੜ ਕੇ ਆਪਣੇ ਸੀਨੇ ਨਾਲ ਲਾ ਲਿਆ ਬੜਾ ਹੀ ਪਿਆਰ ਕੀਤਾ। ਮੈਂ ਸਮਝਦਾ ਸਾਡੇ ਤੇ ਜੋ ਵੀ ਸੱਚੇ ਪਾਤਸ਼ਾਹ ਬਖਸ਼ਿਸ਼ਾਂ ਕੀਤੀਆਂ, ਇਹ ਸਾਡੇ ਮਾਤਾ-ਪਿਤਾ

ਕਰਕੇ ਕਿਰਪਾ ਹੋਈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਵਿਚ ਰਿਕਾਰਡ ਹੈ ਕਿ ਐਹ ਜੇਹੜੇ ਸੇਠ ਤ੍ਰਿਲੋਕ ਸਿੰਘ, ਗੁਰਬਖਸ਼ ਸਿੰਘ ਸਾਰੇ ਭਰਾ ਹਨ ਇਨ੍ਹਾਂ ਨੂੰ ਜੋ ਭਾਗ ਲੱਗੇ ਹਨ, ਇਹ ਇਨ੍ਹਾਂ ਦੇ ਪਿਤਾ ਸੰਤ ਫੂਲਾ ਸਿੰਘ ਦੇ ਭਜਨ ਬਾਣੀ ਦਾ ਫਲ ਹੈ ਜੋ ਮੇਰੇ ਤੋਂ ਉਮਰੋਂ ਵੱਡੇ ਹਨ ਅਤੇ ਮੇਰੇ ਆਉਣ ਤੋਂ ਪਹਿਲਾਂ ਆਸਾ ਦੀ ਵਾਰ ਵਿਚ ਆਏ ਹੁੰਦੇ ਹਨ। ਸੇਵਕ ਰਛਪਾਲ ਸਿੰਘ ਨੇ ਹੋਰ ਕਈ ਬਚਨ ਮਾਤਾ ਨੂੰ ਯਾਦ ਕਰਦਿਆਂ ਸਾਂਝੇ ਕੀਤੇ।

ਉਪਰੰਤ ਸ੍ਰੀ ਸਤਿਗੁਰੂ ਜੀ ਨੇ ਉਪਦੇਸ਼ ਦੇਣ ਦੀ ਕਿਰਪਾ ਕੀਤੀ–

**21 ਨਵੰਬਰ 2025, ਸ੍ਰੀ ਭੈਣੀ ਸਾਹਿਬ**– ਪਰਮ ਸਤਿਕਾਰਯੋਗ ਸਾਧ ਸੰਗਤ ਜੀ, ਅੱਜ ਆਪਾਂ ਦੋ ਸਰੀਰਾਂ ਦੀ ਯਾਦ ਵਿਚ ਜਿਹੜੇ ਦੇਹ ਕਰਕੇ ਆਪਨੇ ਤੋਂ ਵਿਛੜੇ ਨੇ, ਇਕੱਠੇ ਹੋਏ ਹਾਂ। ਮਾਤਾ ਬਲਬੀਰ ਕੌਰ ਜੋ ਸੁਖਦੇਵ ਸਿੰਘ, ਹਰਪਾਲ ਸਿੰਘ, ਰਛਪਾਲ ਸਿੰਘ ਅਤੇ ਚਾਰੇ ਬੀਬੀਆਂ, ਸਮਰਾਲੇ ਵਾਲੀ ਪਰਮਜੀਤ ਕੌਰ, ਸਰਬ ਅਤੇ ਮੋਤੀ ਨਗਰ ਵਾਲੀ ਇਨ੍ਹਾਂ ਦੀ ਮਾਤਾ ਸਨ।

ਜਾਣਾ ਤਾਂ ਸੰਸਾਰ ਤੋਂ ਸਾਰਿਆਂ ਨੇ ਹੀ ਹੈ। ਗੁਰੂ ਤੇਗ ਬਹਾਦਰ ਸੱਚੇ ਪਾਤਸ਼ਾਹ ਨੇ ਹੁਕਮ ਕਰ ਦਿੱਤਾ ਹੈ– ਰਾਮ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਿਵਾਰ॥ ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰ॥ ਨਾ ਕੋਈ ਅਵਤਾਰ, ਨਾ ਕੋਈ ਰਾਜਾ, ਨਾ ਕੋਈ ਰੰਕ, ਨਾ ਕੋਈ ਛੋਟਾ ਨਾ ਕੋਈ ਵੱਡਾ, ਇਹ ਦੇਹ ਕਿਸੇ ਦੀ ਨਹੀਂ ਰਹਿਣੀ ਪਰ ਓਸ ਮਾਤਾ ਦੀ ਗੱਲ ਕਰਦਾ ਹੋਇਆ ਉਸ ਮਾਤਾ ਦੀ ਜ਼ਿੰਦਗੀ ’ਚੋਂ ਅਸੀਂ ਸਿੱਖ ਕੇ, ਸੁਖੀ ਜ਼ਰੂਰ ਹੋ ਸਕਦੇ ਹਾਂ। ਅੱਜ ਆਪਾਂ ਉਨ੍ਹਾਂ ਦੀਆਂ ਗੱਲਾਂ ਕੀਤੀਆਂ ਨੇ ਜਿਨ੍ਹਾਂ ਨੇ ਵੀ ਮਾਤਾ ਬਲਬੀਰ ਕੌਰ ਦੀ ਜ਼ਿੰਦਗੀ ਨੂੰ ਨੇੜਿਓ ਵੇਖਿਆ ਹੈ, ਆਪਾਂ ਉਨ੍ਹਾਂ ਦੀ ਜ਼ਿੰਦਗੀ 'ਚੋਂ ਸੇਵਾ ਸਿੱਖ ਸਕਦੇ ਹਾਂ ਉਸ ਮਾਤਾ ਨੇ ਬਹੁਤ ਲੰਬੀ ਸੇਵਾ ਕੀਤੀ ਹੈ। ਤੁਹਾਨੂੰ ਏਨ੍ਹਾਂ ਨੇ ਦੱਸਿਆ ਹੀ ਹੈ– ਪਹਿਲੋਂ ਮੇਰੀ ਮਾਤਾ-ਬੇਬੇ ਜੀ ਦੇ ਕੋਲ ਹੁੰਦੇ ਸੀ ਜੀਵਨ ਨਗਰ। ਉਨ੍ਹਾਂ ਦੇ ਦਰਸ਼ਨ ਬਹੁਤ ਨੇੜਿਓ ਕੀਤੇ ਹਨ। ਬੇਬੇ ਜੀ ਨਾਲ ਵੀ ਬਹੁਤ ਪਿਆਰ ਸੀ ਉਨ੍ਹਾਂ ਦਾ ਬਹੁਤ ਨੇੜ ਸੀ ਪਰ ਜਦੋਂ ਸੱਚੇ ਪਾਤਸ਼ਾਹ ਜੀ ਨੇ ਹੁਕਮ ਕੀਤਾ– ਉਹ ਸਤਿਗੁਰੂ ਸੱਚੇ ਪਾਤਸ਼ਾਹ ਦਾ ਹੁਕਮ ਮੰਨ ਕੇ ਭੈਣੀ ਸਾਹਿਬ ਆ ਗਏ। ਤੁਹਾਨੂੰ ਹਰਪਾਲ ਸਿੰਘ ਹੁਰਾਂ ਦੱਸਿਆ ਹੈ ਕਿ ਹਾਕੀ ਟੀਮ ਵਾਲਿਆਂ ਦੀ ਸੇਵਾ ਕੀਤੀ। ਲੰਗਰ ਵਿਚ ਸੇਵਾ ਕਰਨੀ, ਸੇਵਾ ਕਰਦਿਆਂ ਸੇਵਾ ਦੀ ਮੂਰਤ ਹੀ ਬਣ ਗਏ। ਸੇਵਾ ਕਰਨ ਨਾਲ ਮਨ ਵਿਚ ਨਿਰਮਾਣਤਾ ਆਉਂਦੀ ਹੈ, ਸੇਵਾ ਵੀ ਭਗਤੀ ਬਣ ਜਾਂਦੀ ਹੈ। ਸੇਵਾ ਅਕਾਲ ਪੁਰਖ ਨੂੰ ਮਿਲਨ ਦਾ ਰਸਤਾ ਬਣ ਜਾਂਦੀ ਹੈ। ਉਸ ਮਾਤਾ ਨੇ ਬਹੁਤ ਸੇਵਾ ਕੀਤੀ ਫੇਰ ਜਦੋਂ ਸੇਵਾ ਨਹੀਂ ਸੀ ਹੋ ਸਕਦੀ, ਕੋਈ ਪ੍ਰਯੋਗ, ਕੋਈ ਦੀਵਾਨ ਉਨ੍ਹਾਂ ਨੇ ਨਹੀਂ ਛੱਡਣਾ, ਸਵੇਰੇ ਅੰਮ੍ਰਿਤ ਵੇਲੇ ਉਨ੍ਹਾਂ ਆਉਣਾ ਹੀ ਆਉਣਾ ਹੈ। ਇਹ ਦੱਸਦੇ ਨੇ ਹਰਪਾਲ ਸਿੰਘ ਹੁਰੀਂ ਕਿ ਜੇ ਆਖਣਾ ਵੀ ਕਿ ਤੁਸੀਂ ਕੁਝ ਲੇਟ ਚਲੇ ਜਾਇਆ ਕਰੋ ਪਰ ਉਨ੍ਹਾਂ ਦਾ ਸਾਧ ਸੰਗਤ ਵਿਚ ਜਾਣ ਤੋਂ ਬਿਨਾਂ ਦਿਲ ਹੀ ਨਹੀਂ ਸੀ ਲੱਗਦਾ। ਸੇਵਾ ਤੇ ਭਗਤੀ ਦੀ ਮੂਰਤ ਉਸ ਮਾਤਾ ਦੀ ਜ਼ਿੰਦਗੀ 'ਚੋਂ ਆਪਾਂ ਸਿੱਖਿਆ ਲਈਏ ਤੇ ਅਰਦਾਸ ਕਰੀਏ ਕਿ ਸੱਚੇ ਪਾਤਸ਼ਾਹ ਜਿਵੇਂ ਤੁਸੀਂ ਉਨ੍ਹਾਂ ਤੇ ਕਿਰਪਾ ਕੀਤੀ ਹੈ, ਸਾਡੇ ਤੇ ਵੀ ਕਿਰਪਾ ਕਰੋ ਅਸੀਂ ਵੀ ਸੇਵਾ ਕਰਕੇ ਨਿਰਮਾਣ ਹੋਈਏ, ਭਗਤੀ ਕਰਕੇ ਨਿਰਮਾਣ ਹੋਈਏ, ਕਦੀ ਸਾਡੇ ਮਨ ਵਿਚ ਹੰਕਾਰ ਨਾ ਆਏ ਕਿਉਂਕਿ ਉਨ੍ਹਾਂ ਦੀ ਜ਼ਿੰਦਗੀ ਵਿਚ ਇਹ ਇਕ ਵੀ ਵੇਖਿਆ ਹੈ ਕਿ ਕਦੇ ਹੰਕਾਰ ਉਨ੍ਹਾਂ ਦੇ ਨੇੜੇ ਵੀ ਨਹੀਂ ਸੀ ਲੰਘਿਆ, ਕਦੇ ਉਨ੍ਹਾਂ ਆਪਣੇ ਬੱਚਿਆਂ ਵਾਸਤੇ ਮੰਗਿਆ ਵੀ ਹੈ, ਇਹ ਹਾਲਾਂ ਕਿ ਮੈਂ ਤਾਂ ਆਪ ਮੰਗਦਾ ਹਾਂ ਪਰ ਮੇਰੇ ਕੋਲ ਆ ਕੇ ਵੀ ਉਨ੍ਹਾਂ ਨੇ ਅਰਜ਼ ਕਰਨੀ ਆਪਣੇ ਬੱਚਿਆਂ ਵਾਸਤੇ ਕਿ ਉਨ੍ਹਾਂ ਨੂੰ ਸਿੱਖੀ ਦਿਉ। ਉਨ੍ਹਾਂ ਨੇ ਸਿੱਖੀ ਤੋਂ ਬਿਨਾਂ ਕਦੇ ਇਹ ਨਹੀਂ ਆਖਿਆ ਕਿ ਉਨ੍ਹਾਂ ਦਾ ਕੰਮ ਬਹੁਤ ਵੱਡਾ ਹੋ ਜਾਵੇ। ਉਨ੍ਹਾਂ ਦਾ ਰੁਜ਼ਗਾਰ ਬਹੁਤ ਵੱਡਾ ਹੋ ਜਾਵੇ, ਉਨ੍ਹਾਂ ਦੇ ਘਰ ਬਹੁਤ ਵੱਡੇ ਹੋ ਜਾਣ। ਉਨ੍ਹਾਂ ਮੰਗੀ ਤੇ ਇਕ ਸਿੱਖੀ ਮੰਗੀ ਹੈ। ਸਾਡੇ ਤੇ ਵੀ ਇਹ ਕਿਰਪਾ ਹੋਵੇ ਕਿ ਅਸੀਂ ਮੰਗੀਏ ਤੇ ਸਿੱਖੀ ਮੰਗੀਏ, ਸੇਵਾ ਮੰਗੀਏ।

ਬੀਬੀ ਦਤਵਿੰਦਰ ਕੌਰ ਤੇ ਸੂਬਾ ਅਮਰੀਕ ਸਿੰਘ ਬੜਾ ਚਿਰ ਸਾਡੇ ਕੋਲ ਰਹੇ, ਰਾਨੀ ਬੈਨੂਰ ਰਹੇ, ਬੜੇ ਪ੍ਰੇਮ ਨਾਲ ਰਹੇ। ਉਸ ਬੀਬੀ ਨੇ ਬਹੁਤ ਸੇਵਾ ਕੀਤੀ। ਮੈਂ ਅਮਰੀਕ ਸਿੰਘ ਦੇ ਘਰ ਜਾਣਾ, ਉਥੇ ਰਹਿਣਾ, ਬੀਬੀ ਨੇ ਲੰਗਰ ਬਣਾ ਕੇ ਛਕਾਉਣਾ। ਉਦੋਂ ਵੱਡੀ ਸੋਧ ਨਹੀਂ ਸੀ ਹੁੰਦੀ, ਖੂਹ ਵੀ ਨਹੀਂ ਸੀ ਹੁੰਦਾ ਉਥੇ, ਪਰ ਜਿਨ੍ਹਾਂ ਵੀ ਹੋ ਸਕਦਾ ਸੀ, ਉਨ੍ਹਾਂ ਸੁੱਚ ਮਰਿਯਾਦਾ ਰੱਖੀ। ਜਿਹੜਾ ਘਰ ਜਾਂਦਾ ਸੀ ਉਨ੍ਹਾਂ ਸੇਵਾ ਕਰਨੀ। ਉਨ੍ਹਾਂ ਨੇ ਵੀ ਬੜੀ ਵਧੀਆ ਸਿੱਖੀ ਨਿਭਾਈ। ਸੱਚੇ ਪਾਤਸ਼ਾਹ ਬਖਸ਼ਿਸ਼ ਕਰਨ, ਅੱਗੋਂ ਵੀ ਮੇਰੀ ਤਾਂ ਏਹੋ ਹੀ ਅਰਦਾਸ ਹੈ ਕਿ ਏਨਾਂ ਦੇ ਪਰਿਵਾਰਾਂ ਵਿਚ ਸਿੱਖੀ ਬਣੀ ਰਵੇ।

ਸਿੱਖੀ ਸੁਖ ਦਾ ਨਾਂ ਹੈ ਕਿਉਂਕਿ ਜਦੋਂ ਸਿੱਖੀ ਮਨ ਵਿਚ ਆ ਜਾਂਦੀ ਹੈ, ਬਾਹਰ ਦੀ ਸਿੱਖੀ ਵੀ ਠੀਕ ਹੈ ਪਰ ਬਾਹਰ ਦੀ ਸਿੱਖੀ ਨਾਲੋਂ ਵੀ ਇਕ ਦਿਨ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਦਾ ਉਪਦੇਸ਼ ਸੁਣਦਿਆਂ ਹੋਇਆ, ਸੱਚੇ ਪਾਤਸ਼ਾਹ ਸਤਿਗੁਰੂ ਰਾਮ ਸਿੰਘ ਵੇਲੇ ਦੇ ਸਿੱਖਾਂ ਦੀ ਗੱਲ ਕਰਦਿਆਂ ਹੋਇਆ ਸੱਚੇ ਪਾਤਸ਼ਾਹ ਬਚਨ ਕੀਤਾ ਹੈ- ਇਹ ਓ ਸਿੱਖ ਸਨ ਜਿਨ੍ਹਾਂ ਦੇ ਅੰਦਰ ਸਿੱਖੀ ਸੀ- ਸੋ ਸਿੱਖੀ ਅੰਦਰ ਦੀ ਹੈ, ਸਿੱਖੀ ਨਿਰਮਾਣਤਾ ਦੀ ਹੈ: ਸਿੱਖੀ ਉਥੇ ਹੈ ਜਿਥੇ ਮੈਂ ਮੁੱਕ ਜਾਂਦੀ ਹੈ, ਜਿਥੇ ਨੁਕਤਾਚੀਨੀ ਮੁੱਕ ਜਾਂਦੀ ਹੈ ਉਥੇ ਸਿੱਖੀ ਪੈਦਾ ਹੁੰਦੀ ਹੈ। ਸੋ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਦੇ ਚਰਨਾਂ ਦੀ ਓਟ ਲੈਂਦਿਆਂ ਹੋਇਆ ਬਾਰ-ਬਾਰ ਅਰਜ਼ ਕਰਦੇ ਹਾਂ- ਗਰੀਬ ਨਿਵਾਜ ਸਿੱਖੀ ਦੇਹ ਸੁਖਦੇ ਤੇਰੀ ਸਿੱਖੀ ਵਿਚ ਹੀ ਸੁੱਖੀ ਰਹੀਏ, ਕੋਈ ਦੁਖੀਆ ਨਾ ਰਵੇ, ਏਨੀ ਅਰਜ਼ ਕਰਕੇ ਆਗਿਆ ਲੈਂਦਾ ਹਾਂ। ਸਤਿ ਸ੍ਰੀ ਅਕਾਲ।

ਗਰੀਬ ਨਿਵਾਜ ਦੇ ਪ੍ਰਵਚਨਾਂ ਤੋਂ ਬਾਅਦ ਸੰਤ ਬਲਵੰਤ ਸਿੰਘ ਦੀ ਅਗੁਵਾਈ ਵਿਚ ਹਜ਼ੂਰੀ ਰਾਗੀ ਜਥੇ ਸੰਤ ਹਰਪ੍ਰੀਤ ਸਿੰਘ ਤਬਲਾ, ਸਤਨਾਮ ਸਿੰਘ, ਸ਼ਾਮ ਸਿੰਘ, ਇਕਬਾਲ ਸਿੰਘ ਨੇ ਰਸ ਭਿੰਨਾ ਕੀਰਤਨ ਕੀਤਾ। ਦੋ ਸ਼ਬਦ ਗਾਇਨ ਕੀਤੇ- ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ॥ ਅਤੇ ਹਰਿ ਕੇ ਸੇਵਕ ਜੋ ਹਰਿ ਭਾਏ ਤਿਨ ਕੀ ਕਥਾ ਨਿਰਾਰੀ ਰੇ॥

**ਹਰਪਾਲ ਸਿੰਘ ਸੇਵਕ**

.......................................................

## ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਮਾਗਮ

ਪਿੰਡ ਬਜ਼ੀਦਪੁਰ (ਨਵਾਂਸ਼ਹਿਰ) ਦੀ ਸਾਧ ਸੰਗਤ ਵੱਲੋਂ ਮਿਤੀ 30 ਨਵੰਬਰ ਦਿਨ ਐਤਵਾਰ ਨੂੰ ਮਨੁੱਖਤਾ ਦੀ ਚਾਦਰ ਧੰਨ-ਧੰਨ ਸ੍ਰੀ ਸਤਿਗੁਰੂ ਤੇਗ ਬਹਾਦਰ ਜੀ ਦਾ





350ਵਾਂ ਸ਼ਹੀਦੀ ਦਿਹਾੜਾ ਸ਼ਰਧਾ ਨਾਲ ਮਨਾਇਆ ਗਿਆ। ਅੰਮ੍ਰਿਤ ਵੇਲੇ ਸਥਾਨਕ ਜਥੇ ਵੱਲੋਂ ਆਸਾ ਦੀ ਵਾਰ ਦਾ ਕੀਰਤਨ ਕੀਤਾ ਗਿਆ। ਉਪਰੰਤ ਜਥੇਦਾਰ ਗੁਰਲਾਲ ਸਿੰਘ ਜੀ ਵੱਲੋਂ ਦਿਵਾਨ ਸਜਾ ਕੇ ਗੁਰ ਇਤਿਹਾਸ ਸੰਗਤ ਨੂੰ ਸਰਵਣ ਕਰਵਾਇਆ। ਬਾਅਦ ਸਥਾਨਕ ਜਥੇ ਦੇ ਬੱਚਿਆਂ ਵੱਲੋ ਵੀ ਗੁਰੂ ਤੇਗ ਬਹਾਦਰ ਜੀ, ਭਾਈ ਦਿਆਲਾ ਜੀ, ਭਾਈ ਸਤੀ ਦਾਸ ਜੀ ਤੇ ਭਾਈ ਮਤੀ ਦਾਸ ਜੀ ਦੀਆਂ ਲਾਸਾਨੀ ਸ਼ਹਾਦਤਾਂ ਸੰਬੰਧੀ ਗੀਤ, ਕਵਿਤਾ ਤੇ ਭਾਸ਼ਣ ਪੇਸ਼ ਕੀਤੇ ਗਏ। ਸ਼ਹੀਦੀ ਸ਼ਤਾਬਦੀ ਨੂੰ ਮੁੱਖ ਰੱਖਦਿਆਂ 2 ਸਹਿਜ ਪਾਠਾਂ ਦੇ ਭੋਗ ਵੀ ਪਾਏ ਗਏ। ਵੱਖ-ਵੱਖ ਬੁਲਾਰਿਆਂ ਵੱਲੋਂ ਵੀ ਸਤਿਗੁਰੂ ਜੀ ਦੀ ਸ਼ਹਾਦਤ ਤੇ ਚਾਨਣਾ ਪਾਇਆ ਗਿਆ। ਗੁਰੂ ਦਾ ਲੰਗਰ ਅਤੁੱਟ ਵਰਤਿਆ।

**ਹਰਸਾਹਿਬ ਸਿੰਘ**

.......................................................


## Matrimonial

**Name- Santa Singh**
DOB - 3/6/1993
Qualification - +2
Job- family business
Father’s name- Sukhvinder Singh
Mother’s name- Prabhjot Kaur
Mob No - 6283168918

.......................................................

**Sunint Kaur**
WZ-167 (Opposite New Gurudwara),
Pratap Nagar, Jail Road
Delhi - 110064
M.: 9873753397

.......................................................

# ਬੀਬੀ ਬਲਵੀਰ ਕੌਰ ਤੇ ਬੀਬੀ ਦਤਵਿੰਦਰ ਕੌਰ ਦਾ ਭੋਗ ਸਮਾਗਮ ਮੇਲਾ

ਮਿਤੀ: 21.11.2025, ਸਥਾਨ: ਸ੍ਰੀ ਭੈਣੀ ਸਾਹਿਬ









Date of Publication: 21 December 2025
Date of Posting: 23 December 2025

RNI NO.55658/93
LDM/008/2021-2023

NS

NAMDHARI SEEDS

The Seeds for a Better Future



www.namdhariseeds.com

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.